1920 ਤੋਂ
ਜਿਲਦ 106
ਨੰਬਰ 11

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

੨ ਤੋਂ ੧੬ ਹਾੜ ੨੦੮੩ ਬਿ.
16 to 30 June 2026

# ਸਤਿਜੁਗ



ਤਤੁ ਬਿਚਾਰੁ ਯਹੈ ਮਥੁਰਾ ਜਗ ਤਾਰਨ ਕਉ ਅਵਤਾਰੁ ਬਨਾਯਉ ॥
ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ ਫਿਰਿ ਸੰਕਟ ਜੋਨਿ ਗਰਭ ਨ ਆਯਉ ॥

10/-

ਸ੍ਰੀ ਸਤਿਗੁਰੂ ਜੀ ਸ. ਬਲਵਿੰਦਰ ਸਿੰਘ ਚੰਡੀਗੜ੍ਹ ਦੇ ਨਵੇਂ ਕਾਰੋਬਾਰ
ਦੇ ਸਥਾਨ ਤੇ ਕਿਰਪਾ ਕਰਦੇ ਹੋਏ






# ਸਤਿਜੁਗ


੨ ਤੋਂ ੧੬ ਹਾੜ ੨੦੮੩ ਬਿ.
16 ਤੋਂ 30 ਜੂਨ 2026 ਈ.
ਜਿਲਦ 106, ਨੰਬਰ 11



ਸਲਾਹਕਾਰ ਮੈਂਬਰ

ਸੁਵਰਨ ਸਿੰਘ ਵਿਰਕ, ਸੰਤ ਨਿਸ਼ਾਨ ਸਿੰਘ,
ਹਰਪਾਲ ਸਿੰਘ ਸੇਵਕ, ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................4
* ਗੁਰਬਾਣੀ ਵਿਆਖਿਆ....................6
* ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ....................8
* ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ....................8
* ਸੁਖਮਨੀ ਸਾਹਿਬ ਦੀ ਇੱਕ ਅਸ਼ਟਪਦੀ ਅਤੇ ਅਦਵੈਤ ਦਾ ਸੰਦੇਸ਼
  ਸ੍ਰੀ ਸਤਿਗੁਰੂ ਉਦੇ ਸਿੰਘ....................9
* ਬ੍ਰਹਿਮੰਡੀ ਚੇਤਨਾ ਦੇ ਸਿਰਜਕ: ਗੁਰੂ ਅਰਜਨ ਦੇਵ ਜੀ
  ਡਾ. ਜੋਧ ਸਿੰਘ....................11
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ....................19
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ....................22
* The Second Arrow of Suffering
  Alla Singh....................25
* MURDER OFBEEF BUTCHERS BY KUKAS
  Dr. Gurdev Singh Sidhu....................30
* ਕਾਵਿ – ਕਿਆਰੀ....................34
* ਸੁੱਚੇ-ਮੋਤੀ....................35
* ਖ਼ਬਰਨਾਮਾ....................36
* Matrimonial....................42



ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸੰਪਾਦਕੀ

ਕੁਰਬਾਨੀ ਤੋਂ ਸਬਰ ਸੰਤੋਖ, ਸੇਵਾ, ਨਿਮਰਤਾ ਅਤੇ ਹਲੀਮੀ ਆਦਿਕ ਭਾਵਨਾਵਾਂ ਦਾ ਵਿਕਾਸ ਹੁੰਦਾ ਹੈ। ਜੇ ਉਹ ਕੁਰਬਾਨੀ ਕਿਸੇ ਪ੍ਰਸਿੱਧ ਹਸਤੀ ਦੀ ਹੋਵੇ ਤਾਂ ਸਦੀਆਂ ਤੱਕ ਕੌਮਾਂ ਵਿੱਚ ਨਿਰਭਉ ਜਜ਼ਬਾ ਕਾਇਮ ਰਹਿੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਇਹ ਅਨੋਖਾ ਜਜ਼ਬਾ ਸਿੱਖ ਕੌਮ ਵਿੱਚ ਭਰਿਆ। ਲਾਹੌਰ ਤੱਤੀ ਤਵੀ ਤੇ ਬੈਠ ਜਿਸ ਤਰ੍ਹਾਂ ਆਪ ਨੇ ਭਾਣੇ ਨੂੰ ਮੰਨਿਆ ਅਤੇ ਸਬਰ ਸ਼ੁਕਰ ਦੀ ਖੁਸ਼ੀ ਆਪਣੇ ਚਿਹਰੇ ਤੋਂ ਪ੍ਰਗਟ ਕੀਤੀ ਉਸ ਨੇ ਲੱਖਾਂ ਕਾਇਰ ਦਿਲਾਂ ਨੂੰ ਬਹਾਦਰੀ ਦੀ ਬੁਲੰਦੀ ਬਖ਼ਸ਼ੀ।

ਜੋ ਲੋ ਮੱਥੇ 'ਚੋਂ ਫੁਟਦੀ ਹੈ
ਉਹ ਅਸਲੀ ਤਾਜ ਹੁੰਦੀ ਹੈ
ਤਵੀ ਦੇ ਤਖ਼ਤ 'ਤੇ ਬਹਿ ਕੇ ਹੀ
ਸੱਚੇ ਪਾਤਸ਼ਾਹ ਬਣਦੇ।

ਮਹਾਨ ਆਤਮਾਵਾਂ ਹਰ ਕਾਰਜ ਦੀ ਸਿਖਰ ਵੇਖ ਸਕਦੀਆਂ ਹਨ ਇਸ ਲਈ ਸਧਾਰਨ ਮਨੁੱਖ ਤੋਂ ਵੱਡਾ ਸਬਰ ਉਹਨਾਂ ਅੰਦਰ ਹੁੰਦਾ ਹੈ ਪਰ ਜਿਥੇ ਪਰਮ ਗਿਆਨੀ ਪੁਰਖਾਂ

ਦਾ ਵੀ ਸਬਰ ਜਵਾਬ ਦੇ ਜਾਵੇ ਤਾਂ ਸੋਚਿਆ ਜਾ ਸਕਦਾ ਹੈ ਕਿਸਮਾਂ ਕਿਨ੍ਹਾਂ ਭਿਆਨਕ ਹੋਵੇਗਾ। ਸਾਂਈ ਮੀਆ ਮੀਰ ਦਾ ਧੀਰਜ ਉਸ ਦਿਨ ਡਗਮਗਾਇਆ। ਉਹ ਗੁੱਸੇ ਨਾਲ ਭਰਿਆ, ਅਸਹਿਜ ਹੋਇਆ, ਮੱਥੇ ਦੇ ਵੱਟ ਹੋਰ ਸਪਸ਼ਟ ਹੋਏ, ਦੰਦ ਕਰੀਚੇ, ਬੁੱਲ ਟੁੱਕੇ, ਅੱਖਾਂ ਸੁਰਖ ਹੋਈਆਂ, ਸਾਹਮਣੇ ਦਾ ਦ੍ਰਿਸ਼ ਅਸਹਿਣ ਯੋਗ ਸੀ। ਕਸੀਸ ਵੱਟਣ ਲੱਗਾ, ਪਰ ਧੀਰਜ ਦੇ ਪੁੰਜ, ਪੰਚਮ ਪਾਤਸ਼ਾਹ ਮਿੱਠੀ ਮੁਸਕਾਨ ਨਾਲ ਹਰ ਪੈਂਦੇ ਰੇਤ ਦੇ ਕੜਛੇ ਦਾ ਇਸਤਕਬਾਲ ਕਰਦੇ ਰਹੇ ਤੇ ਸਾਂਈ ਨੂੰ ਧੀਰਜ ਦਿੰਦਿਆ ਕਿਹਾ-

ਜੇਕਰ ਭਲਾ ਬਗੀਚੇ ਦਾ ਲੋੜਨਾ ਏ
ਝੁਲ ਲੈਣ ਦੇ ਝੱਖੜ ਬਰਬਾਦੀਆਂ ਦੇ।
ਕਾਹਦਾ ਪਤਾ ਏ ਇਨ੍ਹਾਂ ਹਨੇਰਿਆਂ ਹੀ
ਖੋਲ੍ਹ ਦੇਣੇ ਨੇ ਰਾਹ ਆਜ਼ਾਦੀਆਂ ਦੇ।

ਸਾਂਈ ਇਹ ਕਸ਼ਟ ਇਸ ਲਈ ਸਹਾਰ ਰਹੇ ਹਾਂ ਤਾਂ ਕਿ ਇਸ ਰਸਤੇ 'ਤੇ ਤੁਰਨ ਵਾਲਿਆਂ ਲਈ ਇਕ ਮਜ਼ਬੂਤ ਮੀਨਾਰ ਬਣ ਜਾਵੇ। ਜਿਸ ਮੀਨਾਰ ਨੂੰ ਵੇਖ ਪਾਂਧੀ ਹਰ ਕਸ਼ਟ ਅਡੋਲ ਸਹਿ ਜਾਣ। ਇਸ ਤਰ੍ਹਾਂ ਪੰਜ ਦਿਨ ਵੱਖ-ਵੱਖ ਤਸੀਹੇ ਦਿੱਤੇ ਜਾਂਦੇ ਰਹੇ 'ਪੰਜ ਦਿਵਸ ਬੀਤੇ ਇਸ ਭਾਤੀ' ਛੇਵੇਂ ਦਿਨ 30 ਮਈ 1606 ਈ. ਨੂੰ ਹੋਰ ਤਸੀਹੇ ਦੇਣ ਲਈ ਰਾਵੀ ਦੇ ਕੰਢੇ ਲੈ ਆਏ। ਰਾਵੀ ਵਿੱਚ ਹੀ ਸ੍ਰੀ ਗੁਰੂ ਅਰਜਨ ਦੇਵ ਜੀ ਅੰਤਿਮ ਸਮਾਧੀ ਲਈ-

ਰਹਿੰਦੇ ਗੁਰੂ ਦਰੀਆਉ ਵਿਚ ਮੀਨ ਕੁਲੀਨ ਹੇਤੁ ਨਿਰਬਾਣੀ॥
ਦਰਸ਼ਨ ਦੇਖਿ ਪਤੰਗ ਜਿਉ ਜੋਤੀ ਅੰਦਰਿ ਜੋਤ ਸਮਾਣੀ॥

ਇਸ ਕੁਰਬਾਣੀ ਨੇ ਸਿੱਖ ਇਤਿਹਾਸ ਵਿੱਚ ਅਮਿਟ ਛਾਪ ਛੱਡੀ ਹੈ। ਗੁਰੂ ਅਰਜਨ ਦੇਵ ਜੀ ਨੂੰ ਜਿਸ ਕਾਨੂੰਨ ਤਹਿਤ ਸਜਾ ਦਿੱਤੀ ਗਈ ਉਸ ਨੂੰ ਯਾਸਾ ਦਾ ਕਾਨੂੰਨ ਕਿਹਾ ਜਾਂਦਾ ਹੈ। ਚੰਗੇਜ਼ ਖਾਂ ਮੰਗੋਲ ਕਬੀਲੇ ਦਾ ਮੁੱਖੀ ਸੀ। ਉਸ ਨੇ ਇਹਨਾਂ ਕਾਨੂੰਨਾ ਦਾ ਖਾਕਾ ਮੰਗੋਲ ਕਬੀਲੇ ਦੇ ਪੁਰਾਤਨ ਰੀਤੀ ਰਿਵਾਜਾਂ ਅਤੇ ਚੀਨ ਦੇ ਪੁਰਾਤਨ ਸ਼ਾਹੀ ਕਾਨੂੰਨਾਂ ਵਿੱਚੋਂ ਲਿਆ ਸੀ। ਉਸ ਨੇ 1218 ਈ. ਵਿੱਚ ਆਪਣੇ ਵਿਸ਼ਾਲ ਸਾਮਰਾਜ 'ਤੇ ਇਹ ਕਾਨੂੰਨ ਲਾਗੂ ਕੀਤੇ। ਉਸ ਦੇ ਰਾਜ ਦੀਆਂ ਸੀਮਾਵਾਂ ਚੀਨ ਸਾਗਰ ਤੋਂ ਲੈ ਕੇ ਰੂਸ ਦੀ ਨਾਈਪਰ ਨਦੀ ਤੱਕ ਫੈਲੀਆਂ ਹੋਈਆਂ ਸੀ। ਚੰਗੇਜ ਖਾਂ ਦੇ ਬਚਨਾਂ ਨੂੰ 'ਬਿਲਿਕ' ਕਿਹਾ ਜਾਂਦਾ ਸੀ ਅਤੇ ਉਸਦੇ ਕਾਨੂੰਨ ਨੂੰ ਯਾਸਾ। ਚੰਗੇਜ ਖਾਂ ਦੀ ਮੌਤ ਤੋਂ ਬਾਅਦ ਜਦੋਂ ਇਹਨਾਂ ਜੰਗਲੀ ਕਬੀਲਿਆਂ ਨੇ ਇਸਲਾਮ ਧਾਰਣ ਕਰ ਲਿਆ ਪਰ ਤਾਂ ਵੀ ਬਹੁਤ ਸਾਰੇ ਕਾਨੂੰਨ ਯਾਸਾ ਅਨੁਸਾਰ ਹੀ ਮੰਨੇ ਜਾਂਦੇ ਸਨ। ਮੁਗਲ ਰਾਜਿਆਂ ਨੇ ਵੀ ਚੰਗੇਜ ਖਾਂ ਦੇ ਬਹੁਤ ਸਾਰੇ ਕਾਨੂੰਨਾ ਨੂੰ ਵਰਤਿਆ। ਗੁਰੂ ਅਰਜਨ ਦੇਵ ਜੀ ਨੂੰ ਵੀ ਇਸ ਕਾਨੂੰਨ ਤਹਿਤ ਸਜਾਇ ਮੌਤ ਦੀ ਸਜ਼ਾ ਸੁਣਾਈ। ਹਕੂਮਤ ਦੇ ਨਸ਼ੇ ਵਿੱਚ ਚੂਰ ਬਾਦਸ਼ਾਹ ਜਹਾਂਗੀਰ ਨੇ ਆਪਣੇ ਬਾਗੀ ਪੁੱਤਰ ਖੁਸਰੋ ਅਤੇ ਗੁਰੂ ਅਰਜਨ ਦੇਵ ਜੀ ਦੇ ਮਿਲਾਪ ਨੂੰ ਇਕ ਬਹਾਨਾ ਬਣਾਇਆ। ਅਸਲ ਵਿੱਚ ਅਰਜਨ ਦੇਵ ਜੀ ਨੇ ਸਿੱਖ ਧਰਮ ਨੂੰ ਨਵੀਂ ਬੁਲੰਦੀ ਬਖ਼ਸ਼ੀ ਅਤੇ ਇਸ ਪ੍ਰਚਾਰ ਪ੍ਰਸਾਰ ਨੂੰ ਸ਼ੇਖ ਅਹਿਮਦ ਸਰਹੰਦੀ, ਮੁਰਤਜਾ ਖਾਨ ਅਤੇ ਦੀਵਾਨ ਚੰਦੂ ਵਰਗੇ ਸੰਕੀਰਨ ਬੁੱਧੀ ਲੋਕ ਨਹੀਂ ਸਹਾਰ ਸਕਦੇ ਸਨ। ਜਹਾਂਗੀਰ ਖੁਦ ਗੁਰੂ ਘਰ ਪ੍ਰਤੀ ਈਰਖਾ ਨਾਲ ਭਰਿਆ ਪਿਆ ਸੀ। ਜਿਸ ਦਾ ਜ਼ਿਕਰ ਉਸ ਨੇ ਤੁਜਕੇ-ਏ-ਜਹਾਂਗੀਰੀ ਵਿੱਚ ਕੀਤਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਕੁਝ "ਤੇਰਾ ਕੀਆ ਮੀਠਾ ਲਾਗੈ" ਕਹਿ ਸਹਿਜ ਭਾਵ ਜਰਿਆ। ਇਹ ਕੁਰਬਾਨੀ ਆਉਣ ਵਾਲੀਆਂ ਨਸਲਾਂ ਦੀ ਰਾਹ ਦਸੇਰੀ ਬਣ ਗਈ।

..............................................................

# ਗੁਰਬਾਣੀ ਵਿਆਖਿਆ – ਆਸਾ ਦੀ ਵਾਰ

**ਸਲੋਕੁ ਮਃ ੧ ॥**
**ਨਾਨਕ ਮੇਰੁ ਸਰੀਰ ਕਾ ਇਕੁ ਰਥੁ ਇਕੁ ਰਥਵਾਹੁ ॥**
ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਸ਼੍ਰੋਮਣੀ ਮਨੁੱਖਾ ਦੇਹੀ ਦਾ ਇੱਕ ਰਥ ਅਤੇ ਇੱਕ ਰਥਵਾਹੀ ਹੈ।
Sri Guru Ji says that there is one chariot and charioteer of the human body.

**ਜੁਗੁ ਜੁਗੁ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ ॥**
ਹਰ ਜੁਗ ਵਿਚ ਇਹ ਰਥ ਤੇ ਰਥਵਾਹੀ ਬਦਲੇ ਜਾਂਦੇ ਹਨ, ਗਿਆਨਵਾਨ ਹੀ ਇਸ ਭੇਦ ਨੂੰ ਜਾਣਦੇ ਹਨ।
In every age, the chariot and the charioteer change; this fact is known to the wise people.

**ਸਤਜੁਗਿ ਰਥੁ ਸੰਤੋਖੁ ਕਾ ਧਰਮੁ ਅਗੈ ਰਥਵਾਹੁ ॥**
ਸਤਿਜੁਗ ਵਿੱਚ ਸੰਤੋਖ ਰਥ ਸੀ ਅਤੇ ਧਰਮ ਅੱਗੇ ਰਥਵਾਹੀ ਸੀ।
In *SatYug*, satisfaction was the chariot and religion was the charioteer.

**ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥**
ਤ੍ਰੇਤੇ ਵਿੱਚ ਜਤ ਦਾ ਰਥ ਸੀ ਅਤੇ ਬਲ ਰਥਵਾਹੀ ਸੀ।
In *Treta*, celibacy was the chariot and power was the charioteer

**ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥**
ਦੁਆਪਰ ਵਿੱਚ ਤਪ ਦਾ ਰਥ ਸੀ, ਸੱਚ ਰਥਵਾਹੀ ਸੀ।
In *Dwapur*, disciplined spiritual practice was the chariot and truth was the charioteer

**ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥**
ਕਲਿਜੁਗ ਵਿੱਚ ਕਾਮ, ਕ੍ਰੋਧ, ਈਰਖਾ, ਦਵੈਸ਼ ਰੂਪੀ ਅਗਨੀ ਦਾ ਰਥ ਹੈ ਅਤੇ ਝੂਠ ਅੱਗੇ ਰਥਵਾਹੀ ਹੈ।
In *KalYug*, the fire of lust, anger, jealousy, conflict is the chariot and falsehood is the charioteer.

**ਮਃ ੧॥**
**ਸਾਮ ਕਹੈ ਸੇਤੰਬਰੁ ਸੁਆਮੀ ਸਚ ਮਹਿ ਆਛੈ ਸਾਚਿ ਰਹੇ ॥**
ਸਾਮ ਵੇਦ ਕਹਿੰਦਾ ਹੈ ਸਤਿਜੁਗ ਵਿੱਚ ਸੁਆਮੀ ਚਿੱਟੇ ਕੱਪੜਿਆਂ ਵਾਲਾ ਸੀ,
ਲੋਕਾਂ ਨੂੰ ਸੱਚ ਹੀ ਚੰਗਾ ਲੱਗਦਾ ਸੀ ਤੇ ਸੱਚੀ ਹੀ ਰਹਿਣੀ ਬਹਿਣੀ ਸੀ।
*Saam Veda* says that in *SatYug*, the Lord was robed in white clothes,
people appreciated truth and lived with honesty

**ਸਭੁ ਕੋ ਸਚਿ ਸਮਾਵੈ ॥**
ਅਤੇ ਸਾਰੇ ਸੱਚ ਵਿੱਚ ਹੀ ਲੀਨ ਸਨ।
Everyone was imbibed in truth.

**ਰਿਗੁ ਕਹੈ ਰਹਿਆ ਭਰਪੂਰਿ॥ ਰਾਮ ਨਾਮੁ ਦੇਵਾ ਮਹਿ ਸੂਰੁ॥**

ਤ੍ਰੇਤੇ ਦਾ ਰਿਗਵੇਦ ਕਹਿੰਦਾ ਹੈ ਕਿ ਰਾਮ ਦਾ ਨਾਮ ਦੇਵਤਿਆਂ ਵਿੱਚ ਸੂਰਜ ਜਿਉਂ ਚਮਕਦਾ ਸੀ।

*Riga Veda* of *Treta* mentioned that the name of God illuminated in the dieties like the sun.

**ਨਾਇ ਲਇਐ ਪਰਾਛਤ ਜਾਹਿ ॥**

ਉਸ ਰਾਮ ਦਾ ਨਾਮ ਲੈਣ ਤੋਂ ਹੀ ਪਾਪ ਦੂਰ ਹੁੰਦੇ ਸਨ।

Recital of God's name eliminates the sins.

**ਨਾਨਕ ਤਉ ਮੋਖੰਤਰੁ ਪਾਹਿ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ ਮੁਕਤੀ ਪ੍ਰਾਪਤ ਹੁੰਦੀ ਹੈ, ਇਹ ਰਿਗਵੇਦ ਦਾ ਸਿਧਾਂਤ ਸੀ।

Sri Guru Ji says: reciting God's name is a sure way to achieve salvation.
This was the philosophy of the Riga Veda.

**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ ਕ੍ਰਿਸਨੁ ਜਾਦਮੁ ਭਇਆ ॥**

ਦੁਆਪਰ ਯੁਗ ਵਿੱਚ ਯਾਦਵ ਵੰਸ਼ੀ ਕਾਨ੍ਹ ਨੇ ਧੱਕੇ ਨਾਲ ਚੰਦ੍ਰਾਵਲ ਗੋਪੀ ਨੂੰ ਛਲ ਲਿਆਂਦਾ।

In *Dwapur Yug*, Sri Krishna of *Yadav* clan illusioned Chandravali by force.

**ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥**

ਕਲਪ ਬ੍ਰਿਛ ਗੋਪੀਆਂ ਲਈ ਦੇਵ ਲੋਕ 'ਚੋਂ ਲੈ ਆਇਆ ਅਤੇ ਬ੍ਰਿੰਦਾਬਨ ਵਿੱਚ ਲੀਲਾ ਵਰਤਾਈ।

He brought the *Parijat* tree for his milk-maids, and performed colorful drama in *Brindaban*.

**ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥**

ਕਲਿਜੁਗ ਦੇ ਵਿੱਚ ਅਥਰਵਣਵੇਦ ਹੋਇਆ, ਜਿਸ ਤੋਂ ਦੁਨੀਆਂ ਦੇ ਮਾਲਕ ਦਾ ਨਾਮ ਅੱਲਾਹ ਪ੍ਰਸਿੱਧ ਹੋ ਗਿਆ।

In *KalYuga*, the *Atharva Veda* became prominent, Allah became the Name of God.

**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ ॥**

ਤੁਰਕਾਂ ਤੇ ਪਠਾਣਾਂ ਦਾ ਰਾਜ ਹੋਣ ਕਾਰਨ ਆਮ ਲੋਕ ਵੀ ਨੀਲੇ ਕੱਪੜੇ ਪਾਉਣ ਲੱਗ ਪਏ।

People adopted the ways of Turks and Pathaans by wearing blue colored clothes (Guru Gobind Singh tore down blue clothes, thus demolishing the influence of the Turks and Pathaans)

**ਚਾਰੇ ਵੇਦ ਹੋਏ ਸਚਿਆਰ ॥**

ਚਾਰੇ ਵੇਦਾਂ ਵਿੱਚ ਧਰਮ ਦੀ ਸੱਚ ਦੇ ਪ੍ਰਸੰਗ ਵਿੱਚ ਵਿਆਖਿਆ ਕੀਤੀ ਗਈ ਹੈ।

All the four Vedas describe the path of righteousness.

**ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥**


ਇਨ੍ਹਾਂ ਚਾਰਾਂ ਵੇਦਾਂ ਨੂੰ ਪੜ੍ਹਨ ਵਾਲੇ ਅਤੇ ਵਿਚਾਰ ਵਾਲੇ ਮਨੁੱਖ ਗੁਣਵਾਨ ਅਤੇ ਦਲੀਲ ਦੇ ਧਾਰਨੀ ਬਣ ਜਾਂਦੇ ਹਨ।

Those who read the four Vedas become logic-oriented.

**ਨਾਮਧਾਰੀ ਨਿਤਨੇਮ ਸਟੀਕ ਵਿਚੋਂ**

**ਚਲਦਾ...**

# ਹੁਕਮਨਾਮਾ ਸ੍ਰੀ ਸਤਿਗੁਰੂ ਰਾਮ ਸਿੰਘ ਜੀ



ਹੋਰੁ ਭਾਈ ਕੁੜੀ ਨੰਦਾ ਦਾ ਬੀ ਆਦਰੁ ਰਖੀ। ਹੋਰ ਮੇਰੇ ਕੜੇ ਬੀ ਹੋਰ ਗਹਿਣਾ ਬੀ, ਜਨਾਨਾ ਮਰਦਾਨਾ, ਸਭ ਬੇਚਕੇ ਹਰਿ ਕੇ ਲੇਖੇ ਲਾ ਦੇ। ਏ ਸਾਰੇ ਦਾ ਖਰਾ ਸੌਦਾ ਕਰ ਦੇਈ।


........ ਹੋਰ ਤਾ ਭੋਗ ਬਹੁਤ ਪਾਏ ਹਨ ਪਰ ਕੋਈ ਬੋਬੋ ਦੇ ਨਮਿਤ ਨਹੀ ਪਾਇਆ ਹੈ, ਸੋ ਤੈ ਏਹੁ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ, ਕੁਛ ਕਪੜਾ ਲੀੜਾ ਭੀ ਦੇ ਦੇਣਾ। ਸਾਡੀ ਤਿਆਰੀ ਥੀ, ਵਿਚੇ ਹੀ ਇਹੁ ਭਾਣਾ ਵਰਤ ਗਿਆ। ਮੰਗਤੇ ਲੋਕਾ ਨੂ ਜਥਾ ਸਕਤਿ ਜੋ ਬਨਿ ਆਵੈ ਸੋ ਦੇਣਾ।

.ਬੋਬੋ (ਮਾਤਾ ਸਦਾ ਕੌਰ ਜੀ)

ਹੁਕਮਨਾਮਾ 11 ਵਿਚੋਂ

# ਪ੍ਰਵਚਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

## ਮਨ ਏਸ ਤਰ੍ਹਾਂ ਦਾ ਬਣਾਓ



ਆਪਣੇ ਮਨ ਨੂੰ ਏਸ ਥਾਂ ਰੱਖਿਆ ਕਰੋ ਕਿ ਸਾਡਾ ਮਨ ਸਤਿਗੁਰਾਂ ਦਾ ਹੁਕਮ ਮੰਨਣ ਵਾਲਾ ਬਣਿਆ ਰਹੇ। ਜਿਹੜੀ ਜ਼ਮੀਨ ਚੰਗੀ ਬਣੀ ਹੋਵੇ ਤਾਂ ਉਹਦੇ ਵਿਚ ਹੀ ਬੀਜ ਚੰਗੀ ਉਪਜ ਦੇਂਦਾ ਹੈ। ਨਹੀਂ ਤੇ ਕਈ ਵਾਰ ਐਉਂ ਹੁੰਦਾ ਹੈ, ਜਿਨ੍ਹਾਂ ਦੇ ਮਨ ਠੀਕ ਨਹੀਂ ਹੁੰਦੇ ਹਨ-

ਜਿਵੇਂ ਸਵਾਂਤੀ ਬੂੰਦ ਬਬੀਹੇ ਨੂੰ ਮਿਲੇ ਤਾਂ ਉਸਦੀ ਪਿਆਸ ਬੁੱਝ ਜਾਂਦੀ ਹੈ, ਤ੍ਰਿਪਤ ਹੋ ਜਾਂਦਾ ਹੈ। ਸਿੱਪ ਵਿੱਚ ਪਵੇ ਤਾਂ ਮੋਤੀ ਬਣ ਜਾਂਦਾ ਹੈ। ਹਾਥੀ ਦੇ ਸਿਰ ਤੇ ਪਵੇ ਤਾਂ ਗਜ ਮੋਤੀ ਬਣ ਜਾਂਦਾ ਹੈ। ਕੇਲੇ ਵਿਚ ਪਵੇ ਤਾਂ ਕਪੂਰ ਬਣ ਜਾਂਦਾ ਹੈ, ਪਰ ਉਹੋ ਸਵਾਂਤੀ ਬੂੰਦ ਗਿਦੜ ਤੇ ਪਵੇ ਤਾਂ ਉਹ ਹਲਕ ਜਾਂਦਾ ਹੈ। ਹੁਣ ਵੇਖੋ ਕਿ ਸਵਾਂਤੀ ਬੂੰਦ ਦਾ ਇਹਦੇ ਵਿਚ ਕੀ ਕਸੂਰ ਹੈ। ਉਹ ਥੱਲੇ ਦੀ ਜ਼ਮੀਨ ਦਾ ਅਸਰ ਹੈ। ਸਾਡੀ ਜ਼ਮੀਨ ਐਹੋ ਜਹੀ ਬਣੀ ਹੋਵੇ ਕਿ ਹਲਕਣ ਵਾਲੀ ਨਾ ਹੋਵੇ, ਉਹ ਕਪੂਰ ਬਨਣ ਵਾਲੀ ਹੋਵੇ, ਉਹ ਮੋਤੀ ਬਨਣ ਵਾਲੀ ਹੋਵੇ।

# ਸੁਖਮਨੀ ਸਾਹਿਬ ਦੀ ਇੱਕ ਅਸ਼ਟਪਦੀ ਅਤੇ ਅਦਵੈਤ ਦਾ ਸੰਦੇਸ਼



**ਸ੍ਰੀ ਸਤਿਗੁਰੂ ਉਦੇ ਸਿੰਘ**

ਅੱਜ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋਏ ਇੱਕ ਅਸ਼ਟਪਦੀ ਪੜ੍ਹ ਰਿਹਾ ਸੀ ਤਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਜੀ ਦੀ ਯਾਦ ਆ ਗਈ। ਸੱਚੇ ਪਾਤਸ਼ਾਹ ਅਕਸਰ ਹੁਕਮ ਕਰਦੇ ਹੁੰਦੇ ਸਨ ਕਿ ਸੁਖਮਨੀ ਸਾਹਿਬ ਦੀ ਘੱਟੋ-ਘੱਟ ਇੱਕ ਅਸ਼ਟਪਦੀ ਰੋਜ਼ ਜ਼ਰੂਰ ਪੜ੍ਹ ਲਿਆ ਕਰੋ। ਉਸ ਸਮੇਂ ਸ਼ਾਇਦ ਅਸੀਂ ਇਸ ਹੁਕਮ ਦੀ ਡੂੰਘਾਈ ਨੂੰ ਪੂਰੀ ਤਰ੍ਹਾਂ ਨਾ ਸਮਝਦੇ ਹੋਈਏ, ਪਰ ਅੱਜ ਮਹਿਸੂਸ ਹੁੰਦਾ ਹੈ ਕਿ ਇਸ ਦੇ ਪਿੱਛੇ ਬਹੁਤ ਵੱਡਾ ਆਤਮਕ ਭੇਦ ਲੁਕਿਆ ਹੋਇਆ ਸੀ।

ਸੱਚੇ ਪਾਤਸ਼ਾਹ ਦਾ ਭਾਵ ਕੇਵਲ ਇਹ ਨਹੀਂ ਸੀ ਕਿ ਅਸੀਂ ਰੋਜ਼ ਕੁਝ ਪੰਕਤੀਆਂ ਦਾ ਪਾਠ ਕਰ ਲਈਏ। ਉਹਨਾਂ ਦਾ ਭਾਵ ਇਹ ਸੀ ਕਿ ਜਦੋਂ ਅਸੀਂ ਇੱਕ ਅਸ਼ਟਪਦੀ ਪੜ੍ਹੀਏ ਤਾਂ ਉਸ ਦੇ ਅਰਥ ਸਾਡੇ ਮਨ ਵਿੱਚ ਵੱਸਣ। ਅਸੀਂ ਦਿਨ ਭਰ ਉਹਨਾਂ ਅਰਥਾਂ ਬਾਰੇ ਸੋਚੀਏ, ਉਹਨਾਂ ਨੂੰ ਦੁਹਰਾਈਏ ਅਤੇ ਆਪਣੇ ਜੀਵਨ ਨਾਲ ਜੋੜ ਕੇ ਵੇਖੀਏ। ਜੇ ਗੁਰਬਾਣੀ ਦੇ ਅਰਥ, ਮਨ ਵਿੱਚ ਉਤਰ ਜਾਣ ਅਤੇ ਮਨੁੱਖ ਉਹਨਾਂ ਦੇ ਅਨੁਸਾਰ ਜੀਵਨ ਜਿਉਣ ਦਾ ਯਤਨ ਕਰੇ, ਤਾਂ ਉਸ ਦਾ ਜੀਵਨ ਸੱਚ-ਮੁੱਚ ਬਦਲ ਸਕਦਾ ਹੈ।

ਅੱਜ ਜਿਸ ਅਸ਼ਟਪਦੀ ਉੱਤੇ ਵਿਚਾਰ ਕਰਨ ਦਾ ਮੌਕਾ ਮਿਲਿਆ, ਉਸ ਵਿੱਚ ਗੁਰੂ ਅਰਜਨ ਦੇਵ ਸੱਚੇ ਪਾਤਸ਼ਾਹ ਬਹੁਤ ਹੀ ਡੂੰਘਾ ਅਦਵੈਤਕ ਸੱਚ ਪ੍ਰਗਟ ਕਰਦੇ ਹਨ।

ਨਹ ਕਿਛੁ ਜਨਮੈ ਨਹ ਕਿਛੁ ਮਰੈ॥
ਆਪਨ ਚਲਿਤੁ ਆਪ ਹੀ ਕਰੈ॥

ਸੱਚੇ ਪਾਤਸ਼ਾਹ ਫ਼ਰਮਾਉਂਦੇ ਹਨ ਕਿ ਅਸਲ ਵਿੱਚ ਨਾ ਕੁਝ ਜਨਮ ਲੈਂਦਾ ਹੈ ਅਤੇ ਨਾ ਕੁਝ ਮਰਦਾ ਹੈ। ਜੋ ਚੇਤਨ ਸੱਤਾ ਹੈ, ਉਹ ਸਦਾ ਕਾਇਮ ਰਹਿੰਦੀ ਹੈ। ਉਹ ਨਾ ਪੈਦਾ ਹੁੰਦੀ ਹੈ ਅਤੇ ਨਾ ਨਾਸ ਹੁੰਦੀ ਹੈ। ਉਹ ਆਪਣੇ ਚਰਿੱਤਰ ਆਪ ਹੀ ਕਰਦੀ ਹੈ, ਆਪਣਾ ਖੇਲ ਆਪ ਹੀ ਰਚਦੀ ਹੈ ਅਤੇ ਆਪ ਹੀ ਉਸ ਨੂੰ ਵੇਖਦੀ ਹੈ। ਅਸੀਂ ਜਿਸ ਨੂੰ ਜਨਮ ਅਤੇ ਮੌਤ ਕਹਿੰਦੇ ਹਾਂ, ਉਹ ਨਾਮ ਅਤੇ ਰੂਪ ਦੀ ਤਬਦੀਲੀ ਹੈ, ਪਰ ਮੂਲ ਚੇਤਨਾ ਸਦਾ ਇੱਕੋ ਜਿਹੀ ਰਹਿੰਦੀ ਹੈ। ਅੱਗੇ ਸੱਚੇ ਪਾਤਸ਼ਾਹ ਫਰਮਾਉਂਦੇ ਹਨ:

ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ॥

ਮੇਰੀ ਸਮਝ ਅਨੁਸਾਰ ਆਉਣਾ-ਜਾਣਾ, ਜੰਮਣਾ ਅਤੇ ਮਰਣਾ ਸਾਡੀ ਦਵੈਤ ਦ੍ਰਿਸ਼ਟੀ ਦਾ ਨਤੀਜਾ ਹੈ। ਅਸੀਂ ਹਉਮੈ ਦੇ ਕਾਰਨ ਆਪਣੇ ਆਪ ਨੂੰ ਇੱਕ ਵੱਖਰੀ ਹਸਤੀ ਸਮਝਦੇ ਹਾਂ, ਇਸ ਲਈ ਜਨਮ ਅਤੇ ਮਰਨ ਸਾਨੂੰ ਹਕੀਕਤ ਜਾਪਦੇ ਹਨ। ਪਰ ਜਦੋਂ ਮਨੁੱਖ ਉਸ ਅਵਸਥਾ ਤੱਕ ਪਹੁੰਚ ਜਾਂਦਾ ਹੈ ਜਿੱਥੇ ਦਵੈਤ ਸਮਾਪਤ ਹੋ ਜਾਂਦਾ ਹੈ, ਉੱਥੇ ਜਨਮ ਅਤੇ ਮਰਨ ਦਾ ਡਰ ਵੀ ਸਮਾਪਤ ਹੋ ਜਾਂਦਾ ਹੈ। ਫਿਰ ਉਸ ਨੂੰ ਅਹਿਸਾਸ ਹੁੰਦਾ ਹੈ ਕਿ ਜੋ ਸੱਚ ਹੈ, ਉਹ ਤਾਂ ਸਦਾ ਹੀ ਮੌਜੂਦ ਹੈ।

ਸਾਰੀ ਸ੍ਰਿਸ਼ਟੀ ਉਸ ਦੀ ਆਗਿਆ ਵਿੱਚ ਚੱਲ ਰਹੀ ਹੈ। ਜੋ ਕੁਝ ਹੋ ਰਿਹਾ ਹੈ, ਉਹ ਉਸੇ ਦੇ ਹੁਕਮ ਅੰਦਰ ਹੋ ਰਿਹਾ ਹੈ। ਪ੍ਰਗਟ ਹੋਣਾ, ਅਪ੍ਰਗਟ ਹੋਣਾ, ਆਉਣਾ ਅਤੇ ਜਾਣਾ- ਸਭ ਉਸੇ ਦੀ ਰਜ਼ਾ ਦਾ ਹਿੱਸਾ ਹੈ।

ਫਿਰ ਗੁਰੂ ਸਾਹਿਬ ਇੱਕ ਬਹੁਤ ਹੀ ਪਿਆਰਾ ਅਤੇ ਡੂੰਘਾ ਅਦਵੈਤਕ ਬਚਨ ਉਚਾਰਦੇ ਹਨ:

ਆਪੇ ਆਪਿ ਸਗਲ ਮਹਿ ਆਪਿ॥

ਇਹ ਅਦਵੈਤ ਦਾ ਕੇਂਦਰੀ ਨੁਕਤਾ ਹੈ। ਉਹ

ਸਾਰਿਆਂ ਵਿੱਚ ਆਪ ਹੀ ਹੈ। ਉਸ ਤੋਂ ਬਿਨਾਂ ਹੋਰ ਕੋਈ ਹੈ ਹੀ ਨਹੀਂ। ਜੇ ਹਰ ਜੀਵ, ਹਰ ਕਣ ਅਤੇ ਹਰ ਚੇਤਨਾ ਵਿੱਚ ਉਹੀ ਇੱਕ ਪਰਮ ਸੱਤਾ ਮੌਜੂਦ ਹੈ, ਤਾਂ ਫਿਰ ਦੂਜਾ ਕੌਣ ਹੈ? ਦਵੈਤ ਕਿੱਥੇ ਹੈ? ਭੇਦ ਕਿੱਥੇ ਹੈ? ਭੇਦ ਤਾਂ ਸਿਰਫ਼ ਮਨ ਦੀ ਕਲਪਨਾ ਹੈ। ਅੱਗੇ ਸੱਚੇ ਪਾਤਸ਼ਾਹ ਫਰਮਾਉਂਦੇ ਹਨ:

ਅਨਿਕ ਜੁਗਤਿ ਰਚਿ ਥਾਪਿ ਉਥਾਪਿ॥

ਉਹ ਅਨੇਕਾਂ ਜੁਗਤੀਆਂ ਨਾਲ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ। ਅਨੇਕਾਂ ਰੂਪ ਪੈਦਾ ਹੁੰਦੇ ਹਨ, ਕੁਝ ਸਮੇਂ ਲਈ ਕਾਇਮ ਰਹਿੰਦੇ ਹਨ ਅਤੇ ਫਿਰ ਲੀਨ ਹੋ ਜਾਂਦੇ ਹਨ। ਅਸੀਂ ਇਸ ਨੂੰ ਵਿਸ਼ਨੂ ਦੀ ਪਾਲਣਾ, ਸ਼ਿਵ ਦੀ ਪ੍ਰਲੈ ਜਾਂ ਕਿਸੇ ਹੋਰ ਰੂਪ ਵਿੱਚ ਵੇਖ ਲਈਏ, ਪਰ ਅਸਲ ਵਿੱਚ ਕਾਰਜ ਕਰਨ ਵਾਲੀ ਸੱਤਾ ਇੱਕੋ ਹੀ ਹੈ। ਰੂਪ ਅਨੇਕ ਹੋ ਸਕਦੇ ਹਨ, ਪਰ ਸੱਚ ਇੱਕ ਹੀ ਹੈ।

ਅਬਿਨਾਸੀ ਨਾਹੀ ਕਿਛੁ ਖੰਡ॥
ਧਾਰਨ ਧਾਰਿ ਰਹਿਓ ਬ੍ਰਹਿਮੰਡ॥

ਉਹ ਅਬਿਨਾਸੀ ਹੈ। ਉਸ ਵਿੱਚ ਕੋਈ ਖੰਡ ਨਹੀਂ। ਉਹੀ ਸਮੂਹ ਬ੍ਰਹਿਮੰਡ ਨੂੰ ਧਾਰਨ ਕਰ ਰਿਹਾ ਹੈ। ਸਾਰਾ ਬ੍ਰਹਿਮੰਡ ਉਸ ਵਿੱਚ ਹੈ ਅਤੇ ਉਹ ਸਾਰੇ ਬ੍ਰਹਿਮੰਡ ਵਿੱਚ ਹੈ। ਉਸ ਤੋਂ ਬਿਨਾਂ ਹੋਰ ਕੋਈ ਵੱਖਰੀ ਸੱਤਾ ਨਹੀਂ।

ਮੇਰੀ ਸਮਝ ਅਨੁਸਾਰ ਇਹ ਅਸ਼ਟਪਦੀ ਅਦਵੈਤ ਦਾ ਬਹੁਤ ਵੱਡਾ ਸੰਦੇਸ਼ ਦਿੰਦੀ ਹੈ। ਜਦੋਂ ਮੈਂ ਇਸ ਉੱਤੇ ਵਿਚਾਰ ਕਰਦਾ ਹਾਂ, ਤਾਂ ਮੈਨੂੰ ਉਪਨਿਸ਼ਦਾਂ ਦੀ ਬਾਣੀ, ਆਚਾਰਿਆ ਸ਼ੰਕਰ ਦੇ ਉਪਦੇਸ਼, ਰਮਣ ਮਹਾਰਿਸ਼ੀ ਦਾ ਗਿਆਨ ਅਤੇ ਗੁਰਬਾਣੀ ਦਾ ਸੰਦੇਸ਼ ਇੱਕ ਹੀ ਦਿਸ਼ਾ ਵੱਲ ਜਾਂਦੇ ਹੋਏ ਦਿਸਦੇ ਹਨ। ਭਾਵੇਂ ਭਾਸ਼ਾ ਵੱਖਰੀ ਹੋਵੇ, ਭਾਵੇਂ ਪ੍ਰਗਟਾਵਾ ਵੱਖਰਾ ਹੋਵੇ, ਪਰ ਅੰਤਿਮ ਸੱਚ ਇੱਕੋ ਹੈ।

ਜਦੋਂ ਮਨੁੱਖ ਆਪਣੇ ਆਪ ਨੂੰ ਸਰੀਰ ਜਾਂ ਮਨ ਨਹੀਂ, ਸਗੋਂ ਚੇਤਨ ਸੱਤਾ ਦੇ ਰੂਪ ਵਿੱਚ ਜਾਣ ਲੈਂਦਾ ਹੈ, ਜਦੋਂ ਉਹ ਜਨਮ ਅਤੇ ਮਰਨ ਦੇ ਡਰ ਤੋਂ ਉੱਪਰ ਉੱਠ ਜਾਂਦਾ ਹੈ, ਜਦੋਂ ਉਹ ਬ੍ਰਹਮ ਗਿਆਨ ਨੂੰ ਪ੍ਰਾਪਤ ਕਰ ਲੈਂਦਾ ਹੈ, ਤਾਂ ਉੱਥੇ ਧਰਮਾਂ ਦੀਆਂ ਰੇਖਾਵਾਂ ਮਿਟਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉੱਥੇ ਸਿੱਖ, ਹਿੰਦੂ, ਬੁੱਧ ਜਾਂ ਮੁਸਲਮਾਨ ਦੀਆਂ ਪਹਿਚਾਣਾਂ ਦੂਜੇ ਦਰਜੇ ਦੀਆਂ ਹੋ ਜਾਂਦੀਆਂ ਹਨ ਅਤੇ ਮੂਲ ਪਹਿਚਾਣ ਕੇਵਲ ਚੇਤਨਾ ਦੀ ਰਹਿ ਜਾਂਦੀ ਹੈ।

ਸ਼ਾਇਦ ਇਸੇ ਅਵਸਥਾ ਵੱਲ ਇਸ਼ਾਰਾ ਕਰਦੇ ਹੋਏ ਗੁਰੂ ਨਾਨਕ ਦੇਵ ਸੱਚੇ ਪਾਤਸ਼ਾਹ ਨੇ ਫਰਮਾਇਆ:

"ਨਾ ਹਮ ਹਿੰਦੂ ਨ ਮੁਸਲਮਾਨ।"

ਕਿਉਂਕਿ ਜਦੋਂ ਮਨੁੱਖ ਉਸ ਇੱਕ ਨੂੰ ਜਾਣ ਲੈਂਦਾ ਹੈ, ਤਾਂ ਫਿਰ ਸੰਪ੍ਰਦਾਇਕ ਅਤੇ ਬਾਹਰੀ ਭੇਦਾਂ ਦੀਆਂ ਕੰਧਾਂ ਢਹਿ ਜਾਂਦੀਆਂ ਹਨ। ਫਿਰ ਅਹਿਸਾਸ ਹੁੰਦਾ ਹੈ ਕਿ ਅਸੀਂ ਸਾਰੇ ਇੱਕ ਹੀ ਚੇਤਨਾ ਦੇ ਪ੍ਰਗਟਾਵੇ ਹਾਂ, ਇੱਕ ਹੀ ਸੱਚ ਦੇ ਰੂਪ ਹਾਂ, ਅਤੇ ਅਸਲ ਵਿੱਚ ਸਾਰੇ ਇੱਕ ਹੀ ਹਾਂ।

ਇਹੀ ਇਸ ਅਸ਼ਟਪਦੀ ਦਾ ਸੰਦੇਸ਼ ਹੈ ਅਤੇ ਸ਼ਾਇਦ ਇਹੀ ਕਾਰਨ ਹੈ ਕਿ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ ਸਾਨੂੰ ਸੁਖਮਨੀ ਸਾਹਿਬ ਦੀਆਂ ਅਸ਼ਟਪਦੀਆਂ ਨੂੰ ਕੇਵਲ ਪੜ੍ਹਨ ਹੀ ਨਹੀਂ, ਸਗੋਂ ਉਹਨਾਂ ਦੇ ਅਰਥਾਂ ਨੂੰ ਮਨ ਵਿੱਚ ਵਸਾਉਣ ਅਤੇ ਜੀਵਨ ਵਿੱਚ ਉਤਾਰਨ ਦੀ ਪ੍ਰੇਰਣਾ ਦਿੰਦੇ ਸਨ।

.......................................................

# ਬ੍ਰਹਿਮੰਡੀ ਚੇਤਨਾ ਦੇ ਸਿਰਜਕ: ਗੁਰੂ ਅਰਜਨ ਦੇਵ ਜੀ



**ਡਾ. ਜੋਧ ਸਿੰਘ**

ਮੱਧਕਾਲੀਨ ਸਾਹਿਤ ਦਾ ਜੇਕਰ ਧਿਆਨ ਲਾ ਕੇ ਅਧਿਐਨ ਕੀਤਾ ਜਾਏ ਤਾਂ ਸਾਨੂੰ ਲੱਗੇਗਾ ਕਿ ਕਬੀਰ ਦੇ ਬਚਨਾਂ ਵਿਚ ਤਿੱਖਾ ਅਤੇ ਹੋਰ ਸੰਤਾਂ ਅਤੇ ਸੂਫੀਆਂ ਦੇ ਸ਼ਬਦਾਂ ਵਿਚ ਢਕਿਆ ਹੋਇਆ ਡੂੰਘਾ ਅਤੇ ਕ੍ਰੋਧ ਪੂਰਨ ਸੁਰ ਸੁਣਾਈ ਪੈਂਦਾ ਹੈ। ਇਹ ਗੁੱਸਾ ਅਤੇ ਤਿਲਮਿਲਾਹਟ ਸਮਾਜ ਵਿਚ ਸੈਕੜੇ ਵਰ੍ਹਿਆਂ ਤੋਂ ਸੋਚੇ-ਸਮਝੇ ਢੰਗ ਨਾਲ ਬਿਠਾਈਆਂ ਹੋਈਆਂ ਅਸਮਾਨਤਾਵਾਂ ਦੇ ਬਾਰੇ ਸੰਤਾਂ, ਸਮਾਜ ਸੁਧਾਰਕਾਂ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਸੀ। ਭਾਰਤੀ ਸਮਾਜ ਇਕ ਪਾਸੇ ਅੰਦਰੂਨੀ ਝਗੜਿਆਂ ਊਚ-ਨੀਚ ਅਤੇ ਜਾਤੀਵਾਦ ਤੋਂ ਦੁਖੀ ਸੀ ਅਤੇ ਦੂਜੇ ਪਾਸੇ ਬਾਹਰੀ ਹਮਲਾਵਰ ਉਸ ਦੇ ਧਨ ਦੌਲਤ ਅਤੇ ਜਵਾਨੀ ਨੂੰ ਲੁੱਟਣ ਵਾਸਤੇ ਮੁੜ-ਮੁੜ ਹਮਲੇ ਕਰਕੇ ਭਾਰਤ ਦੇ ਗੌਰਵ ਨੂੰ ਨੇਸ-ਤੋ-ਨਾਬੂਦ ਕਰਨ ਲਈ ਤੁਲੇ ਹੋਏ ਸਨ। ਪ੍ਰਸਿੱਧ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ' ਦੇ ਅਨੁਸਾਰ ਦਸਵੀਂ ਸਦੀ ਤੋਂ ਲੈ ਕੇ ਸੰਨ 1526 ਤੱਕ ਭਾਰਤ ਉੱਤੇ ਲਗਪਗ ਸੱਠ ਵੱਡੇ ਹਮਲੇ ਹੋ ਚੁੱਕੇ ਸਨ। ਇਹਨਾਂ ਸਾਰਿਆਂ ਵਿਚ ਤਿੰਨ ਸੁਬਕਤਗੀਨ, ਸਤਾਰਾਂ ਮੁਹੰਮਦ ਗੋਰੀ, ਪੰਝੀ ਮੰਗੋਲਾਂ ਦੇ ਅਤੇ ਪੰਜ ਮੁਗਲਾਂ ਦੇ ਮੁਖ ਰੂਪ ਵਿਚ ਗਿਣਾਏ ਜਾ ਸਕਦੇ ਹਨ। ਆਖਰੀ ਹਮਲਾ ਬਾਬਰ ਦਾ ਸੀ ਜਿਹੜਾ ਉਸ ਨੇ 1526 ਵਿਚ ਕੀਤਾ ਸੀ।

ਬਾਹਰੀ ਮੁਸੀਬਤਾਂ ਅਤੇ ਅੰਦਰੂਨੀ ਨਾ-ਬਰਾਬਰੀਆਂ ਦੇ ਫਲਸਰੂਪ ਭਾਰਤੀ ਸਮਾਜ ਅੰਦਰੋਂ ਖੋਖਲਾ ਹੋ ਚੁੱਕਿਆ ਸੀ। ਵਰਣ ਵਿਵਸਥਾ ਪੱਕੀ ਹੋ ਚੁੱਕੀ ਸੀ। ਛੂਆ-ਛਾਤ ਦਾ ਬੁਖਾਰ ਪੂਰੇ ਜ਼ੋਰਾਂ ਤੇ ਸੀ ਅਤੇ ਅਖੌਤੀ ਨੀਵੀਂ ਜਾਤਾਂ ਦੇ ਮੰਦਰ ਪ੍ਰਵੇਸ਼ ਅਤੇ ਖੂਹਾਂ ਤੋਂ ਪਾਣੀ ਭਰਨ ਆਦਿ ਨੂੰ ਅਸੰਭਵ ਬਣਾ ਕੇ ਸੰਤੁਸ਼ਟੀ ਅਨੁਭਵ ਕੀਤੀ ਜਾ ਰਹੀ ਸੀ। ਰਾਮਾਨੰਦ ਕਬੀਰ ਆਦਿ ਨੇ ਇਸ ਨਾ ਬਰਾਬਰੀ ਵੱਲ ਲੋਕਾਂ ਦਾ ਧਿਆਨ ਜ਼ਰੂਰ ਖਿੱਚਿਆ ਪਰ ਅਸੀਂ ਜਾਣਦੇ ਹਾਂ ਕਿ ਕ੍ਰਾਂਤੀਦੂਤ ਕਬੀਰ ਨੂੰ ਵੀ ਅਖੌਤੀ ਉੱਚੀ ਸ਼੍ਰੇਣੀਆਂ ਦੇ ਪੰਡਤਾਂ-ਪੁਜਾਰੀਆਂ ਦੇ ਗੁੱਸੇ ਦਾ ਪਾਤਰ ਬਣਨਾ ਪਿਆ ਅਤੇ ਉਹਨਾਂ ਦੇ ਜਨਮ ਅਤੇ ਕਰਮ ਨੂੰ ਲੈ ਕੇ ਕਈ ਕਹਾਣੀਆਂ ਘੜੀਆਂ ਗਈਆਂ। ਦੂਜੇ ਪਾਸੇ ਜੋਗੀਆਂ ਨੇ ਵੀ ਜਾਤ ਪ੍ਰਥਾ ਅਤੇ ਊਚ-ਨੀਚ ਦਾ ਵਿਰੋਧ ਜ਼ਰੂਰ ਕੀਤਾ ਪਰ ਕਾਲਾਂਤਰ ਵਿਚ ਉਹ ਆਪਣੇ ਆਪ ਨੂੰ ਹੀ ਸਮਾਜ ਵਿਚ ਰਹਿਣ ਵਾਲੇ ਘਰਬਾਰੀ ਵਿਅਕਤੀਆਂ ਤੋਂ ਵੱਖਰੇ ਅਤੇ ਕਾਫ਼ੀ ਉੱਚਾ ਸਮਝ ਕੇ ਸਮਾਜ ਤੋਂ ਵੱਖਰੇ ਅਤੇ ਦੂਰ ਰਹਿਣ ਵਿਚ ਹੀ ਆਪਣਾ ਕਲਿਆਣ ਸਮਝਣ ਲੱਗ ਪਏ। ਇਹਨਾਂ ਲੋਕਾਂ ਦੀ ਹਾਲਤ ਇਹ ਸੀ ਕਿ ਇਹ ਨਾਂ ਤਾਂ ਖੇਤੀ ਕਰਦੇ ਸਨ, ਨਾ ਵਪਾਰ ਅਤੇ ਨਾ ਹੀ ਪੂਰੀ ਤਰ੍ਹਾਂ ਬ੍ਰਹਮਚਰਯ ਦਾ ਪਾਲਣ ਕਰਦੇ ਸਨ।

ਅਜਿਹੀਆਂ ਹਾਲਤਾਂ ਵਿਚ ਸਿੱਖ ਧਰਮ ਦਾ ਜਨਮ ਹੋਇਆ ਅਤੇ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਅਖਿਲ ਭਾਰਤੀ ਪੱਧਰ ਤੇ ਸੰਤਾਂ, ਭਗਤਾਂ ਅਤੇ ਗੁਰੂ ਸਾਹਿਬਾਨ ਦੀਆਂ ਬਾਣੀਆਂ ਦਾ ਇਕੱਠ ਸ੍ਰੀ ਗੁਰੂ ਗ੍ਰੰਥ ਸਾਹਿਬ ਤਿਆਰ ਕੀਤਾ। ਇਸ ਮਹਾਨ ਗ੍ਰੰਥ ਵਿਚ ਸੰਕਲਿਤ ਬਾਣੀਆਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ 'ਸੱਚ' ਬੇਸ਼ਕ ਕਿਸੇ ਵੀ ਅਖੌਤੀ ਨੀਚ ਜਾਤੀ ਦੇ ਵਿਅਕਤੀ ਰਾਹੀਂ ਪ੍ਰਗਟ ਹੋਵੇ, ਉਸਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ, ਉਸ ਦੇ ਅੱਗੇ ਸਿਰ ਝੁਕਾਉਣਾ ਚਾਹੀਦਾ ਹੈ। ਇਸ ਅਦੁੱਤੀ ਰਚਨਾ ਤੋਂ ਪ੍ਰੇਰਨਾ ਲੈਣ ਵਾਲੇ ਅਤੇ ਵਿਸ਼ਵ ਚੇਤਨਾ ਦੀ ਸਿਰਜਨਾ ਕਰਨ ਵਾਲੇ ਵਿਅਕਤੀਆਂ ਲਈ ਜਿਤਨੇ ਪੂਜਨੀਕ ਗੁਰੂ ਸਾਹਿਬਾਨ ਹਨ, ਉਨੇ ਹੀ ਸਨਮਾਨਯੋਗ ਨਾਮਦੇਵ, ਸੈਨ ਜੀ, ਕਬੀਰ, ਸ਼ੇਖ ਫਰੀਦ ਅਤੇ ਰਾਮਾਨੰਦ ਆਦਿ ਵੀ ਹਨ। ਇਸ ਗ੍ਰੰਥ ਨੂੰ ਜੀਵਨ ਅਧਾਰ ਮੰਨਣ ਵਾਲਾ ਸਮਾਜ ਸੰਸਕ੍ਰਿਤ, ਅਰਬੀ ਫਾਰਸੀ, ਹਿੰਦੀ, ਪੰਜਾਬੀ ਨੂੰ ਕਿਸੇ ਜਾਤ ਵਿਸ਼ੇਸ਼ ਜਾਂ ਪ੍ਰਾਂਤ ਵਿਸ਼ੇਸ਼ ਦੀ ਮਲਕੀਅਤ ਨਹੀਂ ਮੰਨਦਾ ਅਤੇ ਆਪਣੀ ਗੱਲ ਨੂੰ ਸਮੁੱਚੀ ਲੋਕਾਈ ਤੱਕ ਪਹੁੰਚਾਉਣ ਲਈ ਸਭ ਤਰ੍ਹਾਂ ਦੇ ਸੰਚਾਰ ਸਾਧਨਾਂ ਦਾ ਬਿਨਾਂ ਕਿਸੇ ਹਿਚਕਚਾਹਟ ਦੇ ਲਾਭ ਉਠਾਉਂਦਾ ਹੈ।

ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਰਮਾਤਮਾ ਦੇ ਅੰਮ੍ਰਿਤ ਨਾਮ ਨੂੰ ਤਾਂ ਜੀਵਨ ਦਾ ਆਧਾਰ ਮੰਨਿਆ ਹੀ ਹੈ

ਪਰੰਤੂ ਇਸ ਨੀਂਹ ਉਤੇ ਜਿਸ ਇਮਾਰਤ ਉਸਾਰੀ ਦੀ ਆਸ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ ਹੈ, ਉਹ ਇਮਾਰਤ ਸੱਚ, ਸੰਤੋਖ ਅਤੇ ਵਿਚਾਰ ਦੀ ਹੈ ਜਿਹੜੇ ਕਿ ਵਿਸ਼ਵ ਵਿਆਪੀ ਸੰਕਲਪ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਤ ਤੋਂ ਪਹਿਲੇ ਪੰਨੇ ਉਤੇ ਸੰਪੂਰਨ ਸੰਕਲਨ ਦਾ ਤੱਤ ਸਾਰ ਪੇਸ਼ ਕਰਦੇ ਹੋਏ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:

ਥਾਲ ਵਿਚ ਤਿੰਨਿ ਵਸਤੂ ਪਈਓ ਸਤੁ ਸੰਤੋਖੁ ਵੀਚਾਰੋ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ ਜਿਸ ਕਾ ਸਭਸੁ ਅਧਾਰੋ॥
ਏਹ ਵਸਤੁ ਤਜੀ ਨਹ ਜਾਈ ਨਿਤ ਨਿਤ ਰਖੁ ਉਰਿ ਧਾਰੋ॥
ਤਮ ਸੰਸਾਰੁ ਚਰਨ ਲਗਿ ਤਰੀਐ ਸਭੁ ਨਾਨਕ ਬ੍ਰਹਮ ਪਸਾਰੋ॥

ਬ੍ਰਹਮੰਡੀ ਚੇਤਨਾ ਨੂੰ ਜਗਾਉਣ ਵਾਲੇ ਸਤਿ, ਸੰਤੋਖ ਅਤੇ ਵਿਚਾਰ ਦੇ ਸੰਕਲਪਾਂ ਬਾਰੇ ਗੁਰੂ ਅਰਜਨ ਦੇਵ ਜੀ ਸਪਸ਼ਟ ਕਹਿੰਦੇ ਹਨ ਕਿ ਇਹਨਾਂ ਵਸਤਾਂ ਨੂੰ ਤਾਂ ਕਿਸੇ ਕੀਮਤ ਤੇ ਵੀ ਤਿਆਗਿਆ ਨਹੀਂ ਜਾਣਾ ਚਾਹੀਦਾ ਅਤੇ ਹਰ ਮਨੁੱਖ ਨੂੰ ਹਿਰਦੇ ਵਿਚ ਧਾਰਨ ਕਰਕੇ ਰੱਖਣਾ ਚਾਹੀਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਕਲਿਤ ਬਾਣੀਆਂ ਵਿਚ ਆਤਮ-ਪਰਮਾਤਮ ਤੱਤ ਦੀ ਚਰਚਾ ਤਾਂ ਕਾਫੀ ਹੋਈ ਹੈ ਪਰ ਅਸੀਂ ਵੇਖਦੇ ਹਾਂ ਕਿ ਗੁਰੂ ਸਾਹਿਬਾਨ ਕੇਵਲ ਪਰਲੋਕ ਸੁਖ ਦੀ ਹੀ ਗੱਲ ਨਾ ਕਰਕੇ ਇਸ ਲੋਕ ਵਿਚਲੇ ਅਨੰਦਪੂਰਨ ਜੀਵਨ ਨੂੰ ਵੀ ਧਿਆਨ ਵਿਚ ਰੱਖਦੇ ਹਨ। ਸਗੋਂ ਕਿਹਾ ਜਾ ਸਕਦਾ ਹੈ ਕਿ ਉਹ ਪਰਲੋਕ ਸੁਖ ਦੇ ਆਧਾਰ ਨੂੰ ਏਸੇ ਲੋਕ ਵਿਚ ਬਤੀਤ ਕੀਤੇ ਜਾ ਰਹੇ ਜੀਵਨ ਦੁਆਰਾ ਮਜਬੂਤ ਬਣਾਉਣ ਦੀ ਪ੍ਰੇਰਨਾ ਸਾਨੂੰ ਦਿੰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾ ਅਨੰਦ ਦੀ ਇਸੇ ਲੋਕ ਵਿਚ ਪ੍ਰਾਪਤੀ ਲਈ ਸ਼ਬਦ-ਗੁਰੂ ਦੇ ਵਿਚਾਰ ਅਤੇ ਕਮਾਈ ਉਤੇ ਜ਼ੋਰ ਦਿੰਦੇ ਹਨ-

ਜਨ ਨਾਨਕੁ ਬੋਲੇ ਬ੍ਰਹਮ ਬੀਚਾਰੁ। ਜੋ ਸੁਣੇ ਕਮਾਵੈ ਸੁ ਉਤਰੈ ਪਾਰਿ (ਗੁ. ਗ੍ਰੰ. ਸਾ. 370)।

ਝੂਠੇ ਭਰਮਾਂ, ਡਰਾਂ ਆਦਿ ਦਾ ਨਾਸ ਕਰਕੇ ਹੀ ਪਾਰਬ੍ਰਹਮ ਰੂਪੀ ਅਨੰਦ ਦੇ ਵਾਜੇ ਵਜਣ ਲੱਗ ਜਾਂਦੇ ਹਨ-

ਆਨੰਦਾ ਵਜਹਿ ਨਿਤ ਵਾਜੇ ਪਾਰਬ੍ਰਹਮ ਮਨਿ ਵੂਠਾ ਰਾਮ। ਗੁਰਮੁਖ ਸਚੁ ਕਰਣੀ ਸਾਰੀ ਬਿਨਸੇ ਭ੍ਰਮ ਭੈ ਝੂਠਾ ਰਾਮ (ਪੰਨਾ 781)। ਜੇਕਰ ਇਸ ਸੰਸਾਰ ਵਿਚ ਰਹਿੰਦਿਆਂ ਹੋਇਆਂ ਅਨੰਦ ਦੀ ਪ੍ਰਾਪਤੀ ਨਾ ਹੋ ਸਕੀ ਤਾਂ ਪਰਲੋਕ ਸੁਖ ਦੀ ਪ੍ਰਾਪਤੀ ਦੀ ਸੰਭਾਵਨਾ ਦੇ ਸਹਾਰੇ ਜੀਵਨ ਬਤੀਤ ਕਰੀ ਜਾਣਾ ਮੂਰਖਾਂ ਦੇ ਸਵਰਗ ਦੇ ਸਮਾਨ ਹੀ ਮੰਨਿਆ ਜਾ ਸਕਦਾ ਹੈ। ਏਥੇ ਅਨੰਦਮਈ ਜੀਵਨ ਦਾ ਅਰਥ ਕੇਵਲ ਧਨ-ਦੌਲਤ ਐਸ਼ੋ-ਆਰਾਮ ਦੇ ਹੜ ਵਿਚ ਰੁੜਨਾ ਨਹੀਂ ਸਗੋਂ ਸੰਬੰਧਾਂ ਵਿਚ ਰੋਜ਼ਾਨਾਂ ਆ ਰਹੀਆਂ ਤ੍ਰੇੜਾਂ ਨੂੰ ਰੋਕਣਾ, ਕਾਮ, ਅਤੇ ਕ੍ਰੋਧ ਦੇ ਮਾਰੂ ਹਮਲਿਆਂ ਤੋਂ ਬਚਣਾ ਅਤੇ ਜੀਵਨ ਵਿਚ ਬੱਚੇ ਵਰਗੀ ਸਰਲਤਾ, ਨਿਸ਼ਕਪਟਤਾ ਲਿਆਉਣਾ ਹੈ। ਏਸੇ ਲਈ ਅਸੀਂ ਵੇਖਦੇ ਹਾਂ ਕਿ ਗੁਰਬਾਣੀ ਵਿਚ ਬ੍ਰਹਮ ਚਰਚਾ ਦੀ ਥਾਂ ਸੱਚ ਦੀ ਚਰਚਾ ਉਤੇ ਵਧੇਰੇ ਜ਼ੋਰ ਦਿੱਤਾ ਗਿਆ ਹੈ। ਸੱਚ ਜੇਕਰ ਜੀਵਨ ਦਾ ਅਧਾਰ ਹੋਵੇ ਤਾਂ ਈਰਖਾ, ਛਲ ਕਪਟ ਆਦਿ ਵਿਅਕਤੀ ਦੇ ਨੇੜੇ ਨਹੀਂ ਢੁੱਕ ਸਕਦੇ। ਮੂਲ ਮੰਤਰ ਵਿਚ ਸਪਸ਼ਟ ਹੈ ਕਿ ਗੁਰੂ ਨਾਨਕ ਦੇਵ ਜੀ ਪਰਮਤੱਤ ਓਅੰਕਾਰ ਦਾ ਪਹਿਲਾ ਗੁਣ ਸਚ ਮੰਨਦੇ ਹਨ ਅਤੇ ਉਸਨੂੰ ਸਤਿਨਾਮ ਕਹਿੰਦੇ ਹਨ। ਬਾਅਦ ਵਿਚ ਉਸੇ ਪਰੰਪਰਾ ਦਾ ਨਿਰਬਾਹ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਪਰਮਾਤਮਾ ਦੇ ਸਭ ਪ੍ਰਚਲਤ ਨਾਮਾਂ ਨੂੰ 'ਕਿਰਤਮ ਨਾਮ' ਮੰਨਦੇ ਹਨ ਅਤੇ ਸਤਿ ਨੂੰ ਹੀ ਉਸਦਾ ਪਰਾ ਪੂਰਬਲਾ ਨਾਮ ਦਸਦੇ ਹਨ-

ਕਿਰਤਮ ਨਾਮ ਕਥੇ ਤੇਰੇ ਜਿਹਬਾ
ਸਤਿਨਾਮੁ ਤੇਰਾ ਪਰਾ ਪੂਰਬਲਾ॥

'ਜਪੁਜੀ' ਵਿਚ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਨੂੰ ਹੀ ਆਦਿ, ਮੱਧ, ਵਰਤਮਾਨ ਅਤੇ ਭਵਿੱਖ ਵਿਚ ਸਦੀਵੀ ਬਣਿਆ ਰਹਿਣ ਵਾਲਾ ਮੰਨਦੇ ਹਨ:

ਆਦਿ ਸਚੁ॥ ਜੁਗਾਦਿ ਸਚੁ॥
ਹੈ ਭੀ ਸਚ॥ ਨਾਨਕ ਹੋਸੀ ਭੀ ਸਚ॥

ਜਪੁ ਜੀ ਦੀ ਪਹਿਲੀ ਪਉੜੀ ਵਿਚ ਵੀ ਅਸੀਂ ਵੇਖਦੇ ਹਾਂ ਕਿ ਗੁਰੂ ਜੀ ਵਿਅਕਤੀ ਦੇ ਬ੍ਰਹਮਨਿਸ਼ਠ ਬਣਨ ਬਣਾਉਣ ਪ੍ਰਤੀ ਏਨੇ ਚਿੰਤਾਤੁਰ ਨਹੀਂ ਹਨ ਜਿੰਨੇ ਉਹ ਵਿਅਕਤੀ ਦੇ ਸਚਿਆਰ ਅਥਵਾ ਸੱਚ ਦੇ ਅਨੁਸਾਰ ਜੀਵਨ ਢਾਲਣ ਵਾਲਾ ਹੋਣ ਲਈ ਬਿਹਬਲ ਹਨ। ਉਹ ਪੁੱਛਦੇ ਹਨ:

ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥

ਜਪੁਜੀ ਦੇ ਅੰਤ ਵਿਚ ਵੀ ਉਹ ਆਪਣੀ ਧਾਰਨਾ ਦੇ ਅਨੁਰੂਪ ਨਿਰਕਾਰ ਪਰਮਾਤਮਾ ਨੂੰ ਸਚਖੰਡ ਦਾ ਹੀ ਨਿਵਾਸੀ ਮੰਨਦੇ ਹਨ ਅਤੇ ਉਸ ਤੱਕ ਪਹੁੰਚਣ ਲਈ ਧਰਮ, ਗਿਆਨ, ਸਰਮ, ਕਰਮ ਆਦਿ ਪੜਾਵਾਂ ਦਾ ਜ਼ਿਕਰ ਕਰਦੇ ਹਨ।

ਗੁਰਬਾਣੀ ਵਿਚ ਸਿੱਧਾਂ ਨਾਥਾਂ ਅਤੇ ਜੋਗੀਆਂ ਨਾਲ ਹੋਈਆਂ ਗੁਰੂ ਸਾਹਿਬਾਨਾਂ ਦੀਆਂ ਚਰਚਾਵਾਂ ਦੇ ਸੰਕੇਤ ਮਿਲਦੇ ਹਨ। ਯੋਗੀਆਂ ਨੂੰ ਗੁਰੂ ਨਾਨਕ ਦੇਵ ਜੀ 'ਸਿਧ ਗੋਸਟਿ' ਵਿਚ ਪਹਿਲਾ ਸਵਾਲ ਇਹੋ ਪੁੱਛਦੇ ਹਨ ਕਿ ਸ੍ਰੀ ਤੀਰਥਾਂ ਤੇ ਪੁੱਜਣ ਅਥਵਾ ਹੋਰ ਅਨੇਕਾਂ, ਯੋਗਿਕ ਸਾਧਨਾਵਾਂ ਦੇ ਰਾਹੀਂ ਸੱਚੇ ਅਤੇ ਸੁੱਚੇ ਬਣਿਆ ਜਾ ਸਕਦਾ ਹੈ। ਕਿਆ ਭਵੀਐ ਸਚਿ ਸੂਚਾ ਹੋਇ ਅਤੇ ਫਿਰ ਜਵਾਬ ਵੀ ਦਿੰਦੇ ਹਨ ਕਿ ਸਾਚ ਸਬਦ ਬਿਨੁ ਮੁਕਤ ਨ ਕੋਇ ਅਰਥਾਤ ਸੱਚ ਨੂੰ ਮਨ ਵਿਚ ਵਸਾਏ ਬਿਨਾਂ ਉਸ ਉੱਤੇ ਆਚਰਨ ਕੀਤੇ ਬਿਨਾ ਮੁਕਤੀ ਸੰਭਵ ਨਹੀਂ।

ਗੁਰਬਾਣੀ ਵਿਚ ਬ੍ਰਹਮ ਦੇ ਨੀਰਸ ਸੰਕਲਪ ਨੂੰ ਜੀਵਨ ਝਰਨੇ ਦੇ ਰਸ ਪੂਰਨ ਸੱਚ ਰੂਪੀ ਜਲ ਵਿਚ ਤਬਦੀਲ ਕੀਤਾ ਗਿਆ ਹੈ ਤਾਂ ਕਿ ਇਹ ਸੱਚ ਰੂਪੀ ਬ੍ਰਹਮ ਵਿਹਾਰਕ ਬਣ ਸਕੇ ਅਤੇ ਕੇਵਲ ਇਕ ਸੰਕਲਪ ਮਾਤਰ ਬਣ ਕੇ ਹੀ ਨਾ ਰਹਿ ਜਾਏ। ਅਜਿਹੇ ਸਚਿਆਰ ਵਿਅਕਤੀ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ, ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਕਿਹਾ ਹੈ। ਗੁਰੂ ਅਰਜਨ ਦੇਵ ਜੀ ਜਾਣਦੇ ਸਨ ਕਿ ਸੱਚ ਉਤੇ ਅਧਾਰਿਤ ਜਨ ਜੀਵਨ ਹੀ ਸੁਖ ਅਤੇ ਅਨੰਦ ਭਰਪੂਰ ਜੀਵਨ ਹੋ ਸਕਦਾ ਹੈ। ਏਸੇ ਲਈ ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ ਉਹ ਮੰਨਦੇ ਹਨ ਕਿ ਗੁਰੂ ਗ੍ਰੰਥ ਰੂਪੀ ਥਾਲ ਵਿਚ ਮੈਂ ਜਿਹੜੀਆਂ ਤਿੰਨ ਵਸਤੂਆਂ ਰੱਖੀਆਂ ਹਨ, ਸੱਚ ਉਹਨਾਂ ਵਿਚੋਂ ਇਕ ਹੈ।

ਦਰਅਸਲ ਸੱਚ ਆਪਣੇ ਆਪ ਵਿਚ ਇਕ ਵੱਡੀ ਸਮੱਸਿਆ ਅਤੇ ਸਾਰੀਆਂ ਸਮੱਸਿਆਵਾਂ ਦਾ ਹੱਲ ਵੀ ਹੈ। ਦੁਨੀਆਂ ਭਰ ਦੇ ਮਹਾਂਪੁਰਖਾਂ ਦੇ ਭਾਵੇਂ ਕਿੰਨੇ ਵੀ ਸਿਧਾਂਤਕ ਮਤਭੇਦ ਰਹੇ ਹੋਣ ਪਰ ਸੱਚੀ ਪ੍ਰਭੂ-ਭਗਤੀ ਲਈ ਸੱਚ ਦੀ ਹੋਂਦ ਅਤੇ ਲੋੜ ਤੋਂ ਸ਼ਾਇਦ ਹੀ ਕੋਈ ਇਨਕਾਰੀ ਰਿਹਾ ਹੋਵੇ। ਗੁਰੂ ਨਾਨਕ ਦੇਵ ਜੀ ਜਪੁਜੀ ਦੇ ਮੁਢਲੇ ਸਲੋਕ ਵਿਚ ਆਦਿ ਤੋਂ ਜੁਗਾਦਿ ਤੱਕ ਸੱਚ ਦੀ ਸਰਵ-ਸ੍ਰੇਸ਼ਠਤਾ ਅਤੇ ਸਦੀਵਤਾ ਦੀ ਗੱਲ ਕਰਦੇ ਹੋਏ ਵਰਤਮਾਨ ਵਿਚ ਵੀ ਸੱਚ ਦੀ ਜੋਤ ਦੇ ਪ੍ਰਤਾਪ ਨੂੰ ਸਵੀਕਾਰ ਕਰਦੇ ਹਨ ਅਤੇ ਇਹ ਵੀ ਕਹਿੰਦੇ ਹਨ ਕਿ ਜੇ ਭਵਿੱਖ ਵਿਚ ਵੀ ਕੋਈ ਸ਼ਕਤੀ ਕਾਰਜਸ਼ੀਲ ਰਹੇਗੀ ਤਾਂ ਉਹ ਕੇਵਲ ਸੱਚ ਹੀ ਹੋਵੇਗੀ। ਗੁਰੂ ਅਮਰਦਾਸ ਜੀ ਰਾਮਕਲੀ ਰਾਗ ਵਿਚ ਸੱਚ ਦੀ ਸਰਬ-ਪ੍ਰਮੁੱਖਤਾ ਦਾ ਜ਼ਿਕਰ ਕਰਦੇ ਹੋਏ ਸਪਸ਼ਟ ਕਹਿੰਦੇ ਹਨ:

ਇਹੁ ਸਚੁ ਸਭਨਾ ਕਾ ਖਸਮੁ ਹੈ
ਜਿਸੁ ਬਖਸੈ ਸੋ ਜਨੁ ਪਾਵਹੇ॥

ਵਿਦਵਾਨਾਂ ਅਤੇ ਭਗਤਾਂ ਨੇ ਸੱਚ ਬਾਰੇ ਚਿੰਤਨ ਕਰਦਿਆਂ ਹੋਇਆਂ ਸੱਚ ਨੂੰ ਕਈ ਪੱਧਰਾਂ ਉੱਤੇ ਜਾਨਣ ਦੀ ਕੋਸ਼ਿਸ ਕੀਤੀ ਹੈ। ਸ਼ਾਇਦ ਰਿਗਵੇਦ ਵਿਚ ਮਨੁੱਖੀ ਮਨ ਦੇ ਇਸੇ ਪਾਸੇ ਹੋਏ ਅਨੇਕਾਂ ਯਤਨਾਂ ਨੂੰ ਧਿਆਨ ਵਿਚ ਰੱਖ ਕੇ ਹੀ ਇਹ ਕਿਹਾ ਗਿਆ ਹੋਵੇਗਾ ਕਿ ਏਕਸ ਸੱਚ ਵਿਪਰਾ ਬਹੁਧਾ ਵਦੰਤਿ- ਅਰਥਾਤ ਸੱਚ ਇਕ ਹੀ ਹੈ ਪਰ ਸ੍ਰੇਸ਼ਟ ਵਿਅਕਤੀਆਂ ਨੇ ਉਸਨੂੰ ਵੱਖਰੇ ਵੱਖਰੇ ਤਰੀਕਿਆਂ ਨਾਲ ਬਿਆਨ ਕੀਤਾ ਹੈ। ਇੰਗਲੈਂਡ ਦੇ ਪ੍ਰਸਿੱਧ ਫਿਲਾਸਫਰ ਬੇਕਨ ਨੇ ਵੀ ਸੱਚ ਬਾਰੇ ਲਿਖਦਿਆਂ ਹੋਇਆਂ ਸੱਚ ਦੇ ਦੋ ਪੱਖਾਂ ਨੂੰ ਸਵੀਕਾਰ ਕੀਤਾ ਹੈ। ਪਹਿਲਾ ਸੱਚ ਤਾਂ ਵਸਤੂਪਰਕ ਨਿਰੋਲ ਸੱਚ ਹੈ ਅਤੇ ਦੂਜਾ ਸੱਚ ਵਿਅਕਤੀ ਦੇ ਸੰਦਰਭ ਵਿਚ ਜਾਣਿਆ ਬੁਝਿਆ ਅਤੇ ਹੰਢਾਇਆ ਹੋਇਆ ਸੱਚ ਹੈ। ਬੇਕਨ ਸੋਲ੍ਹਵੀਂ ਸਦੀ ਦਾ ਬਹੁਤ ਹੀ ਸੂਝਵਾਨ ਪਰ ਅੱਤ ਦਰਜੇ ਦਾ ਸੁਆਰਥੀ ਵਿਦਵਾਨ ਮੰਨਿਆ ਜਾਂਦਾ ਹੈ। ਨਿਰੋਲ ਸੱਚ ਨੂੰ ਬੇਕਨ ਇਕ ਦਮ ਸ਼ੁੱਧ ਸੋਨਾ ਆਖਦਾ ਹੈ, ਜਿਹੜਾ ਦਿਸਣ ਨੂੰ ਸੁੰਦਰ ਲਗ ਸਕਦਾ ਹੈ ਅਤੇ ਮਨ ਨੂੰ ਵੀ ਤਸੱਲੀ ਦੇਣ ਵਾਲਾ ਹੋ ਸਕਦਾ ਹੈ ਪਰ ਉਸ ਦੇ ਗਹਿਣੇ ਬਣਾ ਕੇ ਨਹੀਂ ਪਾਏ ਜਾ ਸਕਦੇ। ਉਸਨੂੰ ਚਿੱਬਾਂ ਤੋਂ ਬਚਾਉਣ ਲਈ ਅਤੇ ਉਸ ਨੂੰ ਮਜ਼ਬੂਤੀ ਦੇਣ ਲਈ ਉਸ ਵਿਚ ਤਾਂਬੇ ਆਦਿ ਦੀ ਥੋੜ੍ਹੀ ਜਿਹੀ ਮਿਲਾਵਟ ਕਰਨੀ ਪੈਂਦੀ ਹੈ। ਇਸੇ ਤਰ੍ਹਾਂ ਨਿਰੋਲ ਸੱਚ ਨੂੰ ਤਾਂ ਹੀ ਵਰਤਿਆ ਜਾ ਸਕਦਾ ਹੈ ਜੇ ਇਸ ਵਿਚ ਥੋੜ੍ਹੀ ਜਿਹੀ ਝੂਠ ਦੀ ਮਿਲਾਵਟ ਕੀਤੀ ਜਾਵੇ ਅਤੇ ਅਸੀਂ ਇਹ ਜਾਣਦੇ ਹਾਂ ਕਿ ਵਿਦਵਾਨ ਬੇਕਨ ਨੇ ਸੱਚ ਨੂੰ ਅਜਿਹੇ ਰੂਪ ਵਿਚ ਚਲਾਉਦਿਆਂ ਚਲਾਉਦਿਆਂ ਕਿੰਨੀਆਂ ਹੇਰਾ-ਫੇਰੀਆਂ ਕੀਤੀਆਂ ਅਤੇ ਅੰਤ ਹਜ਼ਾਰਾਂ ਪੌਂਡਾਂ ਦੇ ਕਰਜ਼ੇ ਦੇ ਬੋਝ ਨਾਲ ਦਬਣ ਦੇ ਨਾਲ ਨਾਲ ਆਪਣੀ ਸੁਆਰਥੀ ਬਿਰਤੀ ਦੁਆਰਾ ਉਸ ਨੇ ਆਪਣੇ ਕਿਸੇ ਦੋਸਤ ਹਮਦਰਦ ਤੱਕ ਨੂੰ ਨਹੀਂ ਬਖਸ਼ਿਆ ਅਤੇ ਹਰ ਇਕ ਨਾਲ ਧੋਖਾ-ਧੜੀਆਂ ਕੀਤੀਆਂ। ਸਮੁੱਚੀ ਹੋਂਦ ਰੂਪੀ ਪਹਿਲੇ ਸੱਚ ਬਾਰੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

ਸਚੁ ਪੁਰਾਣਾ ਹੋਵੈ ਨਾ ਹੀ ਸੀਤਾ ਕਦੇ ਨ ਪਾਟੇ॥

ਸਿੱਖ ਧਰਮ ਦੇ ਅਨੁਸਾਰ ਚਲਾਇਮਾਨ ਸੰਸਾਰ ਵਾਸਤਵਿਕ ਅਤੇ ਸਦਾ ਵਿੱਦਮਾਨ 'ਸਤਿ' ਦੇ ਸੰਦਰਭ ਵਿਚ ਤਾਂ ਅਸਥਿਰ ਹੈ ਝੂਠ ਹੈ ਪਰ ਇਹ ਵੇਦਾਂਤਿਕ ਅਰਥਾਂ ਵਿਚ ਵਿਖਾਵੇ ਅਤੇ ਛਲਾਵੇ ਦੇ ਰੂਪ ਵਿਚ ਇਕਦਮ ਮਿਥਿਆ ਨਹੀਂ ਹੈ। ਅਸਥਿਰਤਾ ਦਾ ਜ਼ਰੂਰੀ ਅਰਥ ਝੂਠ ਹੀ ਨਹੀਂ ਹੋ ਸਕਦਾ ਕਿਉਂਕਿ ਸਿੱਖ ਧਰਮ ਦੇ ਅਨੁਸਾਰ ਇਹ ਸੰਸਾਰ ਉਸ ਪ੍ਰਭੂ ਦੀ ਰਚਨਾ ਹੈ ਅਤੇ ਉਹ ਇਸ ਵਿਚ ਬਿਰਾਜਮਾਨ ਹੋ ਕੇ ਅਨੰਦ ਮਾਣਦਾ ਹੈ:

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

ਇਸ ਅਨੰਦਪੂਰਨ ਵਿਗਾਸ ਅਤੇ ਬਿਰਾਜਮਾਨਤਾ ਦਾ ਕੋਈ ਅਰਥ ਹੀ ਨਹੀਂ ਰਹਿ ਜਾਂਦਾ ਜੇ ਇਹ ਰਚਨਾ ਇਕ ਦਮ ਮਿਥਿਆ ਦਿਖਾਵਾ ਮਾਤਰ ਹੀ ਹੈ। ਸੁਖਮਨੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ:-

ਆਪਿ ਸਤਿ ਕੀਆ ਸਭੁ ਸਤਿ॥
ਤਿਸ ਪ੍ਰਭੂ ਤੇ ਸਗਲੀ ਉਤਪਤਿ॥

ਇਸ ਸੱਚ ਨੂੰ ਫਿਲਾਸਫੀ ਦੇ ਵਿਸ਼ੇ ਵਸਤੂ ਦੇ ਰੂਪ ਵਿਚ ਜਾਣਿਆ ਜਾਂਦਾ ਹੈ ਅਤੇ ਇਸ ਦੀ ਪ੍ਰਾਪਤੀ ਬੜੀ ਹੀ ਦੁਰਲਭ ਹੈ ਕਿਉਂਕਿ ਇਸ ਦੀ ਖੋਜ ਅਤੇ ਇਸਦਾ ਸਾਖਿਆਤਕਾਰ ਔਕੜਾਂ ਨੂੰ ਬੁਲਾਵਾ ਦੇਣ ਦੇ ਤੁੱਲ ਹੈ।

ਦਰਅਸਲ ਜਦੋਂ ਕਿਣਕੇ ਕਿਣਕੇ ਵਿਚ ਪਸਰੇ ਪਾਰਬ੍ਰਹਮ ਰੂਪੀ ਸੱਚ ਦਾ ਦਰਸ਼ਨ ਹੋ ਜਾਂਦਾ ਹੈ ਤਾਂ ਮਨ ਨੂੰ ਪਿੱਛੇ ਲਾਉਣ ਵਾਲੇ ਵਿਚਾਰ ਪ੍ਰਵਾਹ ਨੂੰ ਠੱਲ ਪੈ ਜਾਂਦੀ ਹੈ ਅਤੇ ਵਿਅਕਤੀ ਸੱਚਰੂਪ ਹੀ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਦਸਦੇ ਹਨ- ਪਾਰਬ੍ਰਹਮ ਜਿਨਿ ਸਚ ਕਰਿ ਜਾਤਾ। ਨਾਨਕ ਸੋ ਜਨ ਸਚਿ ਸਮਾਤਾ (ਪੰਨਾ 283)। ਅਜਿਹਾ ਪਹੁੰਚਿਆ ਹੋਇਆ ਵਿਅਕਤੀ ਆਪਣੀ ਨਿਰਾਲੀ ਚਾਲ ਕਾਰਨ ਸੰਸਾਰਕ ਭੀੜ ਭੜੱਕੇ ਵਿਚ ਇੰਨਾ ਨਿਵੇਕਲਾ ਅਤੇ ਵਿਲੱਖਣ ਜਿਹਾ ਹੋ ਜਾਂਦਾ ਹੈ ਕਿ ਉਸਨੂੰ ਇਕ ਪਾਸੇ ਤਾਂ ਘਬਰਾਹਟ ਵੀ ਮਹਿਸੂਸ ਹੋ ਸਕਦੀ ਹੈ ਅਤੇ ਦੂਜੇ ਪਾਸੇ ਆਮ ਲੋਕ ਉਸਨੂੰ ਵਿਹਾਰਕ ਜੀਵਨ ਲਈ ਅਯੋਗ ਸਮਝਣ ਲਗ ਪੈਂਦੇ ਹਨ। ਈਸਾ, ਮਨਸੂਰ, ਸਰਮੱਦ, ਬੁੱਧ, ਗੁਰੂ ਨਾਨਕ ਆਦਿ ਨੇ ਪਰਮ ਸੱਚ ਦੀ ਖੋਜ ਕੀਤੀ ਅਤੇ ਬੇਸ਼ਕ ਲੋਕਾਂ ਨੇ ਉਹਨਾਂ ਨੂੰ ਭੂਤਨਾ ਅਤੇ ਬੇਤਾਲਾ ਤੱਕ ਕਿਹਾ ਪਰ ਇਹ ਤੱਥ ਜਗ ਜ਼ਾਹਰ ਹੈ ਕਿ ਇਹਨਾਂ ਮਹਾਂਪੁਰਖਾਂ ਦੀਆਂ ਘਾਲਨਾਵਾਂ ਨੇ ਸੰਸਾਰ ਨੂੰ ਕਿੰਨਾਂ ਮਾਰਗ ਦਰਸ਼ਨ ਦਿੱਤਾ ਹੈ ਅਤੇ ਇਕ ਸਹਿਜ ਜੀਵਨ ਜੁਗਤਿ ਪ੍ਰਦਾਨ ਕੀਤੀ ਹੈ। ਜਦੋਂ ਅਸੀਂ ਚਾਰੇ ਪਾਸਿਆਂ ਤੋਂ ਆਪਣੇ ਆਪ ਨੂੰ ਮੁਰਦਾ ਬੇਜਾਨ ਪਦਾਰਥਾਂ ਨਾਲ ਘੇਰ ਲੈਂਦੇ ਹਾਂ ਅਤੇ ਵਿਅਕਤੀਆਂ ਨੂੰ ਵੀ ਚੀਜ਼ਾਂ ਸਮਝ ਦੇ ਆਪਣੀਆਂ ਪ੍ਰਾਪਤੀਆਂ ਤੇ ਫ਼ਖ਼ਰ ਕਰਦੇ ਹਾਂ ਤਾਂ ਸਮਝ ਲਉ ਅਸੀਂ ਵੀ ਮੁਰਦਿਆਂ ਦੇ ਢੇਰ ਵਿਚ ਸ਼ਾਮਲ ਹੋ ਜਾਂਦੇ ਹਾਂ ਅਤੇ ਸਾਡਾ ਜੀਵਨ ਬੇਜਾਨ ਮਸ਼ੀਨ ਦੀ ਤਰ੍ਹਾਂ ਚਲੀ ਜਾਂਦਾ ਹੈ। ਪਰੰਤੂ ਜਦੋਂ ਅਸੀਂ ਬੇਜਾਨ ਚੀਜ਼ਾਂ ਨੂੰ ਵੀ ਜਾਨਦਾਰ ਪ੍ਰਾਣੀਆਂ ਦੀ ਤਰ੍ਹਾਂ ਲੈਂਦੇ ਹਾਂ ਤਾਂ ਸਾਡਾ ਨਜ਼ਰੀਆ ਹੀ ਬਦਲ ਚੁੱਕਿਆ ਹੁੰਦਾ ਹੈ। ਅਸੀਂ ਉਸ ਪਰਮ ਸੱਚ ਨੂੰ ਸਾਰੇ ਪਾਸੇ ਧੜਕਦਾ ਹੋਇਆ ਅਨੁਭਵ ਕਰਦੇ ਹਾਂ ਅਤੇ ਮਨੁੱਖੀ ਮਨ ਦੇ ਖੋਖਲੇਪਨ ਲਈ ਸਾਡੇ ਅੰਦਰ ਇਕ ਸ਼ਰਮਿੰਦਗੀ ਦਾ ਅਹਿਸਾਸ ਜਾਗਦਾ ਹੈ। ਗੁਰੂ ਅਰਜਨ ਦੇਵ ਜਿਨ੍ਹਾਂ ਨੂੰ 'ਪਰਤਖ ਹਰਿ' ਤੱਕ ਕਿਹਾ ਹੈ ਆਪਣੇ ਆਪ ਨੂੰ ਅਤਿ ਨਿਮਾਣਾ ਮੰਨਦੇ ਹੋਏ ਆਪਣੀ ਬਾਣੀ ਵਿਚ ਕਹਿੰਦੇ ਹਨ- ਮੂਰਖ ਮੁਗਧ ਅਗਿਆਨ ਅਵੀਚਾਰੀ। ਨਾਮ ਤੇਰੇ ਕੀ ਆਸ ਮਨਿ ਧਾਰੀ- ਕਿਛੂ ਨਾ ਜਾਨਾ ਮਤਿ ਮੇਰੀ ਥੋਰੀ। ਬਿਨਵਤਿ ਨਾਨਕ ਓਟ ਪ੍ਰਭ ਤੋਰੀ। (ਪੰਨਾ 388)

ਪਰ ਸੱਚ ਅਤੇ ਵਿਅਕਤੀ ਦੇ ਸੰਬੰਧਾਂ ਨੂੰ ਗੁਰਬਾਣੀ ਵਿਚ ਥਾਂ ਥਾਂ ਤੇ ਘੋਖਿਆ ਪੜਚੋਲਿਆ ਗਿਆ ਹੈ। ਵਿਹਾਰਕ ਸੱਚ ਨੂੰ ਗੁਰਮਤਿ ਨੇ ਮਨੁੱਖੀ ਜੀਵਨ ਦਾ ਮੁੱਖ ਧੁਰਾ ਅਤੇ ਅਧਾਰ ਮੰਨਿਆ ਹੈ ਅਤੇ ਵਿਹਾਰਕ ਸੱਚ ਦੀ ਜੁਗਤਿ ਨਾਲ ਪਰਮਾਰਥਕ ਪਰਮ ਸੱਚ ਵੱਲ ਪਹੁੰਚਣ ਦੇ ਪੜਾਵਾਂ ਬਾਰੇ ਗੁਰਬਾਣੀ ਵਿਚ ਸੰਕੇਤ ਮਿਲਦੇ ਹਨ। ਸਿੱਖ ਅਧਿਆਤਮਿਕਤਾ ਪੱਖੋਂ ਸਭ ਤੋਂ ਪਹਿਲਾਂ ਤਾਂ ਸਰੀਰ ਅਤੇ ਮਨ ਦੀਆਂ ਚਤਰਾਈਆਂ ਪ੍ਰਤੀ ਚੇਤੰਨ ਹੋਣ ਦੀ ਲੋੜ ਨੂੰ ਅਨੁਭਵ ਕੀਤਾ ਜਾਂਦਾ ਹੈ ਅਤੇ ਯਤਨ ਪੂਰਵਕ ਕਥਨੀ ਅਤੇ ਕਰਨੀ ਦੇ ਸੱਚ ਵਿਚ ਇਕਸੁਰਤਾ ਲਿਆਉਣੀ ਪੈਂਦੀ ਹੈ। ਜਦੋਂ ਆਤਮਾ ਨੂੰ ਸਰੀਰ ਅਤੇ ਮਨ ਦੇ ਕੰਮਾਂ ਵਿਚ ਲਵਲੀਨ ਹੋਣ ਦਾ ਚਸਕਾ ਛੁੱਟ ਜਾਂਦਾ ਹੈ ਤਾਂ ਫਿਰ ਅਨੇਕਾਂ ਹੀ ਹਉਮੈ ਉਤਪਾਦਕ ਦਾਰਸ਼ਨਿਕ ਵਿਵਾਦਾਂ ਅਤੇ ਕਰਮਕਾਂਡੀ ਝਮੇਲਿਆਂ ਤੋਂ ਅਜ਼ਾਦੀ ਮਿਲਣੀ ਸ਼ੁਰੂ ਹੋ ਜਾਂਦੀ ਹੈ। ਅਜਿਹੀ ਆਤਮਿਕ ਅਜ਼ਾਦੀ ਇਕ ਵਿਲੱਖਣ ਕਿਸਮ ਦੇ ਸਵੈਮਾਨ ਦੀ ਸਿਰਜਣਾ ਕਰਦੀ ਹੈ ਅਤੇ ਬਾਣੀ ਦੀ ਇਹ ਪੰਗਤੀ:'ਜੇ ਜੀਵੈ ਪਤਿ ਲਥੀ ਜਾਇ ਸਭੁ ਹਰਾਮ ਜੇਤਾ ਕਿਛੁ ਖਾਇ॥ ਵਿਅਕਤੀ ਦੀ ਸੱਚ ਪ੍ਰਤੀ ਬਿਹਬਲਤਾ ਨੂੰ ਹੋਰ ਵਧਾ ਦਿੰਦੀ ਹੈ। ਸੱਚ ਦੇ ਇਸ ਪੱਖ ਤੋਂ ਬਲੀਦਾਨ, ਤਿਆਗ ਅਤੇ ਸ਼ਹਾਦਤ ਦਾ ਜਨਮ ਹੁੰਦਾ ਹੈ। ਜਿਹੜੇ ਕਿ ਸਿੱਖ ਧਰਮ ਦੀ ਰੀੜ ਦੀ ਹੱਡੀ ਹਨ। ਦੱਸਣ ਦੀ ਲੋੜ ਨਹੀਂ ਕਿ ਸ਼ਹੀਦਾਂ ਦੇ ਸਰਤਾਜ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹਨਾਂ ਗੌਰਵਸ਼ਾਲੀ ਸੰਕਲਪਾਂ ਨੂੰ ਪਿੰਡੇ ਤੇ ਹੰਢਾ ਕੇ ਸਿੱਖ ਜੀਵਨ ਦੇ ਵਿਸਤਾਰ ਨੂੰ ਇਕ ਮਜ਼ਬੂਤ ਅਧਾਰ ਪ੍ਰਦਾਨ ਕੀਤਾ ਹੈ।

ਹੁਕਮ ਵਿਚ ਚਲਣ ਦੀ ਸੋਝੀ ਪੈਦਾ ਕਰਨਾ ਸੱਚੀ ਭਗਤੀ ਵੱਲ ਇਕ ਕਦਮ ਹੋਰ ਚਲਣ ਦੇ ਤੁੱਲ ਹੈ। ਹੁਕਮ ਦੀ ਗੱਲ ਕਰਦਿਆਂ ਹੁਕਮੀ ਦੀ ਕਲਪਨਾ ਵੀ ਨਾਲ ਹੀ ਹੋ ਜਾਂਦੀ ਹੈ ਅਤੇ ਅਜਿਹਾ ਪ੍ਰਤੀਤ ਹੋਣ ਲਗ ਪੈਂਦਾ ਹੈ ਕਿ ਕੋਈ ਹੁਕਮਰਾਨ ਹੁਕਮ ਕਰ ਰਿਹਾ ਹੈ ਅਤੇ ਇਹ ਸ੍ਰਿਸ਼ਟੀ ਚਲ ਰਹੀ ਹੈ। ਪਰੰਤੂ ਹੁਕਮੀ ਜਾਂ ਪਰਮਾਤਮਾ ਕੋਈ ਵਿਅਕਤੀ ਨਹੀਂ ਹੈ ਸਗੋਂ ਸਾਰੀ ਸ੍ਰਿਸ਼ਟੀ ਦੇ ਪਦਾਰਥਾਂ ਦੇ ਅੰਦਰੂਨੀ ਸੁਭਾਵਾਂ ਦਾ ਮੂਲ ਸੁਭਾਅ ਹੈ। ਹਰ ਵਸਤੂ ਦਾ ਮੂਲ ਸੁਭਾਅ ਉਸ ਲਈ ਹੁਕਮ ਹੈ ਅਤੇ ਮੂਲ ਰੂਪ ਵਿਚ ਕਿਸੀ ਵਸਤੂ ਦਾ ਦੂਜੀ ਵਸਤੂ ਨਾਲ ਵਿਰੋਧ ਨਹੀਂ। ਉਸ ਮੂਲ ਸੁਭਾਅ ਨੂੰ ਪਛਾਨਣ ਦੀ ਲੋੜ ਨੂੰ ਹੀ ਧਿਆਨ ਵਿਚ ਰਖਦਿਆਂ ਹੋਇਆਂ ਗੁਰਬਾਣੀ ਕਹਿੰਦੀ ਹੈ:

ਮਨਿ ਤੂ ਜੋਤਿ ਸਰੂਪ ਹੈ ਆਪਣਾ ਮੂਲ ਪਛਾਣ॥

ਇਹ ਅੰਦਰੂਨੀ ਮੂਲਸਰੂਪ ਹੀ ਵਸਤੂ ਜਾਂ ਵਿਅਕਤੀ ਦਾ ਬਾਹਰੀ ਸੁਭਾਅ ਨਿਰਧਾਰਿਤ ਕਰਦਾ ਹੈ। ਪਾਣੀ ਦਾ ਠੰਡਾਪਣ ਅਤੇ ਅੱਗ ਦੀ ਗਰਮੀ ਕੋਈ ਬਾਹਰੋਂ ਥੋਪੇ ਗੁਣ ਨਹੀਂ ਹਨ ਸਗੋਂ ਇਹਨਾਂ ਦੇ ਮੂਲ ਸੁਭਾਅ ਹਨ ਜਿਨ੍ਹਾਂ ਨੂੰ ਸਿੱਧ ਕਰਨ ਦੀ ਲੋੜ ਨਹੀਂ ਹੁੰਦੀ। ਇਹਨਾਂ ਨੂੰ ਕੇਵਲ ਅਨੁਭਵ ਕਰਨ ਦੀ ਲੋੜ ਹੁੰਦੀ ਹੈ। ਇਹ ਅੰਦਰੂਨੀ ਸ਼ਕਤੀ ਜਾਂ ਗੁਣ ਹੀ ਹੁਕਮ ਹੈ ਜਿਸ ਲਈ ਗੁਰੂ ਨਾਨਕ ਦੇਵ ਜੀ

ਜਪੁਜੀ ਵਿਚ ਕਹਿੰਦੇ ਹਨ ਕਿ ਹੁਕਮ ਦੀ ਇਹ ਜੋਤ ਆਦਿ ਕਾਲ ਤੋਂ ਹੀ ਵਿਅਕਤੀ ਅੰਦਰ ਜਗ ਰਹੀ ਹੈ ਜਿਸਦੇ ਪ੍ਰਕਾਸ਼ ਅੰਦਰ ਚਲਣ ਦਾ ਸੁਭਾਅ ਬਣਾਉਣ ਦੀ ਲੋੜ ਹੈ। ਇਹੋ ਹੀ ਪਰਮਾਤਮਾ ਦੀ ਆਵਾਜ਼ ਹੈ, ਜ਼ਮੀਰ ਦੀ ਦੁਹਾਈ ਹੈ ਅਤੇ ਇਹੀ ਹੁਕਮ ਰੂਪ ਵਿਚ ਘਟ-ਘਟ ਅੰਦਰ ਵਿਆਪ ਰਿਹਾ ਹੈ:

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਦਰਅਸਲ ਹੁਕਮ ਅਤੇ ਸਚ ਇਕ ਹੀ ਸ਼ਕਤੀ ਦੇ ਦੋ ਨਾਮ ਹਨ। ਅਜਿਹੇ ਵਿਹਾਰਕ ਸੱਚ ਦੀ ਸਟੀਲ ਨਾਲ ਬਣੀ ਕਿਰਪਾਨ ਦੁਆਰਾ ਕੀਤੀ ਗਈ ਘਾੜਤ ਸਦਾ, 'ਦੀਨ ਕੇ ਹੇਤ' ਕੀਤੀ ਗਈ ਵਿਸਮਾਦਕਾਰੀ ਅਜਿਹੀ ਰਚਨਾ ਹੁੰਦੀ ਹੈ ਜਿਹੜੀ ਪਰਮਸੱਚ ਦੇ ਅਪਰ ਅਪਾਰ ਮੁਹਾਂਦਰੇ ਵਾਲੀ ਹੋ ਨਿਬੜਦੀ ਹੈ:

ਸਚ ਕੀ ਕਾਤੀ ਸਚ ਸਭੁ ਸਾਰ॥
ਘਾੜਤ ਤਿਸ ਕੀ ਅਪਰ ਅਪਾਰ॥

ਪਰਮਾਰਥਕ ਸੱਚ ਨਾਲ ਇਕਮਿਕ ਹੋਇਆ ਵਿਅਕਤੀ ਸੱਚ ਦੀ ਅਜਰ ਸ਼ਕਤੀ ਨਾਲ ਰੋਸ਼ਨ ਹੋ ਉਠਦਾ ਹੈ ਅਤੇ ਉਸਦੀ ਆਤਮਾ ਮੁਖ ਮੰਡਲ ਉਸੇ ਤਰ੍ਹਾਂ ਹੀ ਖਿੜ ਉਠਦੇ ਹਨ ਜਿਵੇਂ ਸਵੇਰ ਦੇ ਸੂਰਜ ਦੀਆਂ ਕਿਰਨਾਂ ਦੇ ਨਾਲ ਫੁੱਲ ਸੁਭਾਵਕ ਰੂਪ ਵਿਚ ਖਿੜ ਉਠਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਪਰਮਸੱਚ ਚੇਤਨਾ ਦੀਆਂ ਉਹ ਉਚੇਰੀਆਂ ਅੱਖਾਂ ਖੋਲ੍ਹ ਦਿੰਦਾ ਹੈ ਕਿ ਵੇਦਾਂ, ਕਤੇਬਾਂ ਅਤੇ ਗ੍ਰੰਥਾਂ ਦੇ ਵਿਵਾਦਾਂ ਤੋਂ ਪਰ੍ਹਾਂ ਉਤਾਂਹ ਰਹਿਣ ਵਾਲੇ ਪਰਮ ਸੱਚ ਦਾ ਜ਼ਹੂਰ ਚਾਰੇ ਪਾਸੇ ਦ੍ਰਿਸ਼ਟਮਾਨ ਹੋ ਉਠਦਾ ਹੈ-

ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥

ਪਰਮਾਰਥਕ ਸੱਚ ਐਵੇਂ ਕਲਪਨਾ ਹੀ ਹੋਵੇਗੀ ਜੇ ਇਸਨੂੰ ਵਿਵਹਾਰਕ ਰੂਪ ਵਿਚ ਨਹੀਂ ਅਪਨਾਇਆ ਜਾਂਦਾ ਹੈ। ਗੁਰੂ ਨਾਨਕ ਦੇਵ ਜੀ ਤਾਂ ਇਥੋਂ ਤੱਕ ਕਹਿੰਦੇ ਹਨ ਕਿ ਸੱਚ ਤੋਂ ਸਭ ਕੁਝ ਨੀਂਵਾਂ ਹੀ ਹੈ ਪਰ ਸੱਚ ਤੋਂ ਉਚੀ ਮੰਜ਼ਿਲ ਸੱਚ ਉਤੇ ਆਚਰਣ ਕਰਨਾ ਹੈ- ਸਚਹੁ ਓਰੈ ਸਭ ਕੋ ਉਪਰਿ ਸਚੁ ਅਚਾਰ॥ "ਆਚਰਣ ਵਿਚ ਸਚਾਈ ਦੀ ਘਾਟ ਨੇ ਅਜ ਮਨੁੱਖਤਾ ਨੂੰ ਕਿਥੋਂ ਦਾ ਕਿਥੋਂ ਤੱਕ ਪਹੁੰਚਾ ਦਿੱਤਾ ਹੈ, ਇਸ ਬਾਰੇ ਬਹੁਤਾ ਦਸਣ ਦੀ ਲੋੜ ਨਹੀਂ। ਸਾਡਾ ਵਿਦਿਅਕ ਢਾਂਚਾ, ਸਾਡੇ ਧਾਰਮਿਕ ਵਿਸ਼ਵਾਸ਼, ਸਾਡੀਆਂ ਸਮਾਜਿਕ ਕਦਰਾਂ ਕੀਮਤਾਂ, ਸਾਡਾ ਅਰਥਚਾਰਾ ਅਰਥਾਤ ਲਗਪਗ ਸਭ ਕੁਝ ਲੜਖੜਾ ਉਠਿਆ ਹੈ। ਦਰਅਸਲ ਘਟ ਘਟ ਵਿਚ ਵਸਦੇ ਪ੍ਰਭੂ ਰੂਪੀ ਸੱਚ ਨੂੰ ਵਿਅਕਤੀ ਦੀ ਹਉਮੈ ਅਤੇ ਉਸਦੇ ਸੁਆਰਥ ਨੇ ਇਕ ਖੋਖਲਾ ਕਰਮਕਾਂਡ ਅਤੇ ਛਲਾਵਾ ਮਾਤਰ ਬਣਾ ਕੇ ਰੱਖ ਦਿੱਤਾ ਹੈ। ਸੰਸਾਰ ਦੇ ਕੂੜੇ ਕਾਰ ਵਿਹਾਰ ਦੀ ਘੋਖ ਪੜਚੋਲ ਕਰਦੀ ਹੋਈ ਗੁਰਬਾਣੀ ਵਿਵਹਾਰਕ ਰੂਪ ਵਿਚ ਸੱਚ ਨੂੰ ਜੀਵਨ ਵਿਚ ਉਤਾਰਨ ਦੀ ਪ੍ਰੇਰਨਾ ਦਿੰਦੀ ਹੋਈ ਸੱਚ ਨੂੰ ਜੀਉਣ ਦੀ ਜੁਗਤ ਦਸਦੀ ਹੈ। ਵਿਅਕਤੀ ਦੇ ਕਰਣਯੋਗ ਕੰਮਾਂ ਨੂੰ ਗਿਣਾਉਂਦੇ ਹੋਏ ਗੁਰੂ ਨਾਨਕ ਕਹਿੰਦੇ ਹਨ ਕਿ ਹਿਰਦੇ ਉਤੇ ਝੂਠ ਦੀ ਮੈਲ ਨ ਚੜ੍ਹਨ ਦੇ ਕੇ ਉਸਨੂੰ ਸੱਚਾ ਰੱਖਣਾ, ਸੱਚ ਨਾਲ ਪਿਆਰ ਪਾਉਣਾ, ਸਹਿਜ ਜੀਵਨ ਜੁਗਤ ਨੂੰ ਅਪਨਾਉਣਾ ਆਦਿ ਅਜਿਹੇ ਕੰਮ ਹਨ ਜਿਨ੍ਹਾਂ ਨੂੰ ਕਰਦਿਆਂ ਹੋਇਆਂ ਕੋਈ ਵੀ ਵਿਅਕਤੀ ਸਰੀਰਕ ਇੰਦਰੀਆਂ ਨੂੰ ਕਾਬੂ ਕਰਕੇ ਉਸ ਵਿਚ ਪ੍ਰਭੂ ਨਾਮ ਦਾ ਬੀਜ ਬੀਜਦਾ ਹੈ। ਸੱਚ ਦੀ ਸੋਝੀ ਉਦੋਂ ਪੈਂਦੀ ਹੈ ਜਦੋਂ ਜੀਵ-ਦਇਆ ਨੂੰ ਅਪਨਾ ਕੇ ਲੋੜਵੰਦ ਦੀ ਮਦਦ ਕਰਨ ਦੀ ਸੱਚੀ ਸਿੱਖਿਆ ਨੂੰ ਗ੍ਰਹਿਣ ਕੀਤਾ ਜਾਂਦਾ ਹੈ। ਗੁਰੂ ਦੇ ਦੱਸੇ ਮਾਰਗ ਤੇ ਚੱਲ ਕੇ ਆਤਮਕ ਸਰੋਵਰ ਵਿਚ ਚੁੱਭੀ ਲਾਉਣ ਨਾਲ ਪਰਮਾਰਥਕ ਅਤੇ ਵਿਹਾਰਕ ਸੱਚ ਸਾਰੇ ਪਾਪਾਂ ਦਾ ਦਾਰੂ ਬਣ ਜਾਂਦਾ ਹੈ।

ਸਚੁ ਤਾਂ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੈ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨ ਰਹਸੀਐ ਤਾਂ ਪਾਇ ਮੋਖ ਦੁਆਰੁ॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ ਜਾਣੇ ਜੀਉ॥
ਧਰਤਿ ਕਾਇਆ ਸਾਧ ਕੇ ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੇ ਜੀਅ ਕੀ ਕਿਛੁ ਪੁੰਨ ਦਾਨੁ ਕਰੇਇ॥
ਸਚੁ ਤਾ ਪਰੁ ਜਾਣੀਐ ਜਾ ਆਤਮ ਤੀਰਥਿ ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੇ ਕਰੇ ਨਿਵਾਸੁ॥
ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥
ਨਾਨਕ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥

ਗੁਰਬਾਣੀ ਵਿਚ ਜਿਹੜਾ ਦੂਜਾ ਵਿਸ਼ਵ ਜਨੀਨੀ ਤੱਤ ਗੁਰੂ ਅਰਜਨ ਦੇਵ ਜੀ ਨੇ ਮੰਨਿਆ ਹੈ, ਉਹ ਸੰਤੋਖ ਹੈ। ਹਿੰਦੀ ਦੇ ਪ੍ਰਸਿੱਧ ਕਵੀ ਅਤੇ ਅਕਬਰ ਦੇ ਨੌ ਰਤਨਾਂ ਵਿਚੋਂ ਇਕ ਰਹੀਮ(ਅਬਦੁਰ ਰਹੀਮ ਖਾਨ ਖਾਨਾ) ਨੇ ਇਹ ਕਿਹਾ ਹੈ-ਗੋਧਨ ਗਜਧਨ ਬਾਜਿਧਨ ਔਰ ਰਤਨ ਧਨ ਖਾਨ। ਜਬ ਆਵੇ ਸੰਤੋਸ਼ ਧਨ ਸਭ ਧਨ ਧੂਰ ਸਮਾਨ। ਗੁਰਬਾਣੀ ਵਿਚ ਧਾਰਮਿਕ ਜੀਵਨ ਦਾ ਅਧਾਰ ਸੰਤੋਖ ਹੈ। ਜਪੁ ਜੀ ਵਿਚ ਪੌਰਾਣਿਕ ਬੈਲ- ਜੋ ਧਰਤੀ ਨੂੰ ਆਪਣੇ ਸਿੰਙਾਂ ਉਤੇ ਚੁੱਕੀ ਰੱਖਣ ਵਾਲਾ ਮੰਨਿਆ ਗਿਆ ਹੈ, ਦਾ ਪ੍ਰਤੀਕਾਤਮਕ ਰੂਪ ਵੀ ਗੁਰੂ ਨਾਨਕ ਦੇਵ ਜੀ ਧਰਮ ਨੂੰ ਹੀ ਮੰਨਦੇ ਹਨ। ਉਹ ਮੰਨਦੇ ਹਨ ਕਿ ਧਰਮ ਦੇ ਕਾਰਨ ਹੀ ਸਾਰੀ ਸ੍ਰਿਸ਼ਟੀ ਚਲ ਰਹੀ ਹੈ।

ਪਰੰਤੂ ਨਾਲ ਹੀ ਨਾਲ ਉਹ ਸਪਸ਼ਟ ਕਰਦੇ ਹਨ, ਧਰਮ ਦਇਆ ਤੋਂ ਉਤਪੰਨ ਹੋਵੇ, ਕਰੁਣਾ ਦਾ ਪੁੱਤਰ ਹੋਵੇ ਅਤੇ ਇਹ ਦਇਆ ਵੀ ਕਿਸੇ ਲਾਲਚ ਵਸ ਨਾ ਕੀਤੀ ਗਈ ਹੋਵੇ ਸਗੋਂ ਉਸਦੀ ਜੜ ਵਿਚ ਸੰਤੋਖ ਹੋਣਾ ਚਾਹੀਦਾ ਹੈ:

ਧੌਲ ਧਰਮੁ ਦਇਆ ਦਾ ਪੂਤੁ॥
ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥

ਏਥੇ ਸੰਤੋਖੀ ਦਾ ਅਰਥ ਵਿਹਲੇ ਕਰਮਹੀਨ ਬਣ ਕੇ ਬੈਠੇ ਰਹਿਣਾ ਨਹੀਂ। ਹੱਥ ਉਤੇ ਹੱਥ ਰੱਖ ਕੇ ਬੈਠੇ ਰਹਿਣ ਵਾਲਾ ਵਿਅਕਤੀ ਸੰਤੋਖੀ ਨਹੀਂ ਆਲਸੀ ਹੁੰਦਾ ਹੈ। ਸੰਤੋਖੀ ਵਿਅਕਤੀ ਉਹ ਵੀ ਨਹੀਂ ਜਿਹੜਾ ਦੂਜਿਆਂ ਨੂੰ ਤੇ ਕਰਮ ਸਿਧਾਂਤ ਤੋਂ ਉਤਪੰਨ ਕਿਸਮਤਵਾਦੀ ਸਿਧਾਂਤ ਮੰਨਣ ਦੀ ਗੱਲ ਸਮਝਾਏ ਪਰੰਤੂ ਜਦੋਂ ਆਪਦੀ ਵਾਰੀ ਆਏ ਤਾਂ ਚੀਕ ਚਿਹਾੜਾ ਸ਼ੁਰੂ ਕਰ ਦੇਵੇ। ਸੰਤੋਖੀ ਉਹ ਵਿਅਕਤੀ ਹੈ ਜਿਹੜਾ ਪ੍ਰਭੂ ਤੋਂ ਮੰਗੇ ਕੁਝ ਨਾ; ਕਾਰਜ਼ਸੀਲ ਨਿਰੰਤਰ ਬਣਿਆ ਰਹੇ ਅਤੇ ਜੋ ਵੀ ਪ੍ਰਾਪਤ ਹੋ ਰਿਹਾ ਹੈ ਉਸ ਲਈ ਪ੍ਰਭੂ ਦਾ ਧੰਨਵਾਦ ਸ਼ੁਕਰ ਕਰਨਾ ਕਦੀ ਨਾ ਭੁੱਲੇ। ਅਜਿਹਾ ਵਿਅਕਤੀ ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ ਸਤੁ, ਸੰਤੋਖ ਅਤੇ ਦਇਆ ਦੀ ਕਮਾਈ ਨੂੰ ਹੀ ਸਾਰੀ ਘਾਲਣਾ ਦਾ ਸਾਰ ਮੰਨਦਾ ਹੈ- ਸਤੁ ਸੰਤੋਖੁ ਦਇਆ ਕਮਾਵੈ ਏਹ ਕਰਣੀ ਸਾਰ (ਪੰਨਾ 51)। ਗੁਰਬਾਣੀ ਵਿਚ ਅਜਿਹਾ ਸੰਤੋਖੀ ਵਿਅਕਤੀ ਹੀ ਸੱਚੇ ਅਰਥਾਂ ਵਿਚ ਸੇਵਾ ਕਰਨ ਵਾਲਾ ਮੰਨਿਆ ਗਿਆ ਹੈ। ਏਹੋ ਹੀ ਸਚਿਆਰ ਹੈ; ਅਜਿਹਾ ਵਿਅਕਤੀ ਕਦੀ ਗਲਤ ਰਾਹ ਉਤੇ ਪੈਰ ਨਹੀਂ ਪਾਉਂਦਾ ਅਤੇ ਸਦਾ ਸ਼ੁਭ ਕਰਮਾਂ ਦੁਆਰਾ ਧਰਮ ਕਮਾਉਂਦਾ ਹੈ। ਗੁਰਬਾਣੀ ਕਹਿੰਦੀ ਹੈ:

ਸੇਵ ਕੀਤੀ ਸੰਤੋਖੀਈ ਜਿਨੀ ਸਚੋ ਸਚੁ ਧਿਆਇਆ॥
ਉਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।
ਓਨੀ ਦੁਨੀਆਂ ਤੋੜੇ ਬੰਧਨਾਂ ਅੰਨੁ ਪਾਣੀ ਥੋੜਾ ਖਾਇਆ॥
ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥
ਵਡਿਆਈ ਵਡਾ ਪਾਇਆ॥

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਤੀਜਾ ਜ਼ਰੂਰੀ ਤੱਤ ਵਿਚਾਰ ਹੈ ਅਤੇ ਵਿਚਾਰ ਦਾ ਹੀ ਸ਼ੁਧਤਮ ਰੂਪ ਗਿਆਨ ਕਿਹਾ ਜਾ ਸਕਦਾ ਹੈ ਜਿਹੜਾ ਗੁਰੂ ਅਰਜਨ ਜੀ ਦੇ ਸ਼ਬਦਾਂ ਵਿਚ ਅੰਜਨ ਰੂਪ ਹੋ ਕੇ ਵਿਅਕਤੀ ਦਾ ਹਿਰਦਾ ਪ੍ਰਕਾਸ਼ਮਾਨ ਕਰ ਦਿੰਦਾ ਹੈ- ਗਿਆਨ ਅੰਜਨੁ ਜਾਕੀ ਨੇਤ੍ਰੀ ਪੜਿਆ ਤਾਕਉ ਸਰਬ ਪ੍ਰਗਾਸਾ(ਗੁ.ਗ੍ਰੰ. ਸਾ. 610)॥ ਮਨੁੱਖ ਸੁਭਾਅ ਤੋਂ ਹੀ ਵਿਚਾਰਵਾਨ ਪ੍ਰਾਣੀ ਹੈ ਅਤੇ ਇਸ ਦਾ ਵਿਚਾਰਵਾਨ ਹੋਣਾ ਹੀ ਇਸ ਨੂੰ ਸਮਾਜਿਕ ਪ੍ਰਾਣੀ ਬਣਾਉਂਦਾ ਹੈ। ਫਿਰ ਵੀ ਮਨੁੱਖੀ ਸਮਾਜ ਵਿਚ ਹੀ ਅਜਿਹੇ ਢੋਂਗੀ, ਪਖੰਡੀ ਅਤੇ ਨਿਰੰਕੁਸ਼ ਵਿਅਕਤੀਆਂ ਦੀ ਗਿਣਤੀ ਘੱਟ ਨਹੀਂ ਜਿਹੜੇ ਆਪਣੇ ਵਿਚਾਰ ਦੂਜਿਆਂ ਉਤੇ ਥੋਪਣ ਵਿਚ ਹੀ ਲੀਨ ਰਹਿੰਦੇ ਹਨ ਅਤੇ ਆਪਣਾ ਉੱਲੂ ਸਿੱਧਾ ਕਰਦੇ ਰਹਿੰਦੇ ਹਨ। ਗੁਰੂ ਨਾਨਕ ਦੇਵ ਜੀ ਦੇਸ ਦੇਸਾਂਤਰਾਂ ਵਿਚ ਘੁੰਮ ਫਿਰ ਕੇ ਇਸ ਹਕੀਕਤ ਤੋਂ ਜਾਣੂੰ ਹੋ ਚੁੱਕੇ ਸਨ। ਗੁਰਬਾਣੀ ਰਾਹੀਂ ਉਹ ਸਮਝਾਉਂਦੇ ਹਨ ਕਿ ਅਕਲਮੰਦ ਬਣ ਕੇ ਅਰਥਾਤ ਵਿਚਾਰਪੂਰਨ ਬਣ ਕੇ ਹੀ ਪਰਮਾਤਮਾ ਦੀ ਸੇਵਾ ਕਰਨੀ ਚਾਹੀਦੀ ਹੈ ਨਾ ਕਿ ਅੰਨੇ ਸ਼ਰਧਾਲੂ ਬਣ ਕੇ। ਬਿਬੇਕ ਬੁੱਧ ਦੁਆਰਾ ਹੀ ਮਾਨ ਸਨਮਾਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਅਕਲ ਨਾਲ ਕੀਤੇ ਹੋਏ ਅਧਿਐਨ ਦੁਆਰਾ ਹੀ ਧਰਮ ਦੇ ਸਿਧਾਂਤ ਨੂੰ ਸਮਝਿਆ ਜਾਂਦਾ ਹੈ। ਦਾਨ ਵੀ ਸਾਨੂੰ ਸੋਚ ਸਮਝ ਕੇ ਵਿਚਾਰਪੂਰਵਕ ਹੀ ਕਰਨਾ ਚਾਹੀਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਦੱਸਿਆ ਗਿਆ ਹੈ- ਅਕਲੀ ਸਾਹਿਬ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜ੍ਹ ਕੇ ਬੁਝੀਐ ਅਕਲੀ ਕੀਚੇ ਦਾਨੁ(ਗੁ ਗ੍ਰੰ ਸਾ. 1235)॥ ਬਿਬੇਕ ਬੁੱਧ ਹੀ ਦੁੱਧ ਦਾ ਦੁੱਧ ਅਤੇ ਪਾਣੀ ਦਾ ਪਾਣੀ ਕਰ ਸਕਦੀ ਹੈ ਅਤੇ ਬਿਨਾ ਵਿਚਾਰੇ ਕੀਤੇ ਕੰਮ ਅਕਸਰ ਅਸਫਲਤਾ ਦਾ ਮੂੰਹ ਵੇਖਣ ਨੂੰ ਮਜ਼ਬੂਰ ਕਰਦੇ ਹਨ। ਵਿਚਾਰ ਤਾਂ ਹੀ ਸੁਹਿਰਦਤਾ ਪੂਰਨ ਅਤੇ ਲਾਭਦਾਇਕ ਹੋ ਸਕਦੇ ਹਨ ਜਦੋਂ ਉਹਨਾਂ ਦੇ ਅਧਾਰ ਵਿਚ ਸਰਬ ਧਰਮ ਸਮਭਾਵ ਦਾ ਮਨੁੱਖਤਾਵਾਦੀ ਦ੍ਰਿਸ਼ਟੀਕੋਣ ਹੋਵੇ। ਗੁਰੂ ਰਾਮਦਾਸ ਜੀ ਸਪਸ਼ਟ ਆਦੇਸ਼ ਦਿੰਦੇ ਹਨ:

ਬਿਬੇਕ ਬੁਧਿ ਸਭ ਜਗ ਮਹਿ
ਨਿਰਮਲ ਬਿਚਰਿ ਬਿਚਰਿ ਰਸੁ ਪੀਜੈ॥

ਵਰਤਮਾਨ ਸਮੇਂ ਵਿਚ ਲੋਕ ਬਿਬੇਕ ਬੁੱਧ ਦਾ ਕਿੰਨਾ ਆਸਾਰਾ ਲੈਂਦੇ ਹਨ ਅਤੇ ਇਸ ਰਾਹੀਂ ਕਿਵੇਂ ਸੁਆਰਥ ਸਾਧਣ ਵਿਚ ਜੁਟੇ ਹੋਏ ਹਨ, ਇਸ ਉਤੇ ਟਿੱਪਣੀ ਕਰਨਾ ਵਿਅਰਥ ਹੈ ਕਿਉਂਕਿ ਸਭ ਕੁੱਝ ਸਪਸ਼ਟ ਹੈ। ਪਰੰਤੂ ਏਨਾ ਅਵੱਸ਼ ਕਿਹਾ ਜਾ ਸਕਦਾ ਹੈ ਕਿ ਅਠਾਰ੍ਹਵੀਂ ਸਦੀ ਦੇ ਸਿੱਖ ਸਮਾਜ ਨੇ ਘੋਰ ਸੰਕਟਾਂ ਵਿਚੋਂ ਲੰਘਦਿਆਂ ਹੋਇਆਂ ਵੀ ਬਿਬੇਕ ਬੁੱਧ ਦਾ ਸਾਥ ਨਹੀਂ ਛੱਡਿਆ ਅਤੇ ਏਥੋਂ ਤੱਕ ਕਿ ਆਪਣੇ ਨਿਤਨੇਮ ਦੀ ਅਰਦਾਸ ਵਿਚ ਵੀ ਇਹ ਸ਼ਾਮਲ ਕੀਤਾ ਕਿ ਹੇ ਪਰਮਾਤਮਾ ਜਿੱਥੇ ਸਿੱਖਾਂ ਨੂੰ ਸਿੱਖੀ ਦਾਨ, ਰਹਿਤ ਦਾਨ ਅਤੇ ਵਿਸਾਹ ਦਾਨ ਬਖਸ਼ੋ ਉਥੇ ਨਾਲ ਹੀ ਨਾਲ ਬਿਬੇਕ ਦਾਨ ਵੀ ਬਖਸ਼ੋ। ਇਹ ਬਿਬੇਕ ਬੁੱਧ ਹੀ ਹੈ ਜਿਸ ਨੇ ਸ੍ਰੀ ਗ੍ਰੰਥ ਸਾਹਿਬ ਦੇ ਸਿਧਾਂਤਾਂ ਤੇ ਚੱਲਣ ਵਾਲਿਆਂ ਨੂੰ ਦੁਨੀਆਂ ਦੇ ਕਿਸੇ ਵੀ ਨੁਕਰੇ ਰਚਮਿਚ ਜਾਣ ਵਿਚ ਕੋਈ ਔਕੜ ਨਹੀਂ ਆਉਣ ਦਿੱਤੀ। ਗੁਰੂ ਅਮਰਦਾਸ ਜੀ ਵੀ ਸਾਫ਼ ਸ਼ਬਦਾਂ ਵਿਚ ਕਹਿੰਦੇ ਹਨ ਕਿ ਸੱਚੇ ਗੁਰੂ ਨੂੰ ਬੇਸ਼ਕ ਸਾਰੇ ਹੀ ਵੇਖਦੇ ਹਨ, ਉਸਦਾ

ਦਰਸ਼ਨ ਕਰਦੇ ਹਨ ਪਰੰਤੂ ਇਸ ਦਰਸ਼ਨ ਕਰਨ ਮਾਤਰ ਨਾਲ ਮੁਕਤੀ ਪ੍ਰਾਪਤੀ ਨਹੀਂ ਹੋਵੇਗੀ। ਅਜਿਹਾ ਤਾਂ ਹੀ ਹੋ ਸਕੇਗਾ ਜਦੋਂ ਗੁਰੂ ਦੇ ਸ਼ਬਦ ਉਤੋ ਵਿਚਾਰ ਪੂਰਵਕ ਅਮਲ ਕੀਤਾ ਜਾਏਗਾ ਉਸ ਨੂੰ ਜੀਵਨ ਵਿਚ ਉਤਾਰਿਆ ਜਾਏਗਾ।

ਸਤਿਗੁਰੂ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰ॥
ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥

ਵਿਚਾਰਾਂ ਦਾ ਨਿਖਰਿਆ ਹੋਇਆ ਸ਼ਾਂਤ ਅਤੇ ਸ਼ੁਧ ਰੂਪ ਹੀ ਗਿਆਨ ਹੈ। ਗਿਆਨ ਦੀ ਲੋੜ ਨੂੰ ਹਰ ਸੰਤ, ਮਹਾਂਪੁਰਖ ਗੁਰੂ ਅਥਵਾ ਪੀਰ ਨੇ ਅਨੁਭਵ ਕੀਤਾ ਹੈ। ਗਿਆਨ ਜਗਿਆਸਾ ਦੀ ਅਣਹੋਂਦ ਦੀ ਹਾਲਤ ਵਿਚ ਭਗਤੀ ਦੀਆਂ ਉਚੇਰੀਆਂ ਮੰਜ਼ਲਾਂ ਤਾਂ ਦੂਰ ਰਹਿ ਹੀ ਜਾਂਦੀਆਂ ਹਨ, ਵਿਗਿਆਨਕ ਵਿਕਾਸ ਦੀ ਗੱਲ ਵੀ ਅੱਗੇ ਨਹੀਂ ਤੁਰ ਸਕਦੀ ਅਤੇ ਭਰਮ ਮੋਹ ਦੇ ਜਾਲ ਤੋੜੇ ਨਹੀਂ ਜਾ ਸਕਦੇ । ਗਿਆਨ ਭਰਮ, ਦੁਬਿਧਾ ਅਤੇ ਦੁਰਗਤ ਦਾ ਨਾਸ ਕਰਦਾ ਹੈ ਅਤੇ ਫੋਕੀਆਂ ਤ੍ਰਿਸ਼ਨਾਵਾਂ ਨੂੰ ਵੀ ਸਮਾਪਤ ਕਰਦਾ ਹੈ। ਕਬੀਰ ਜੀ ਕਹਿੰਦੇ ਹਨ:

ਦੇਖੌ ਭਾਈ ਗ੍ਯਾਨ ਕੀ ਆਈ ਆਂਧੀ॥
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ॥੨॥ਰਹਾਉ॥
ਦੁਚਿਤੇ ਕੀ ਦੁਇ ਥੂਨਿ ਗਿਰਾਨੀ ਮੋਹ ਬਲੇਂਡਾ ਟੂਟਾ॥
ਤਿਸਨਾ ਛਾਨਿ ਪਰੀ ਧਰ ਊਪਰਿ ਦੁਰਮਤਿ ਭਾਂਡਾ ਫੂਟਾ॥

ਇਹ ਗੱਲ ਤਾਂ ਠੀਕ ਹੈ ਕਿ ਗਿਆਨਵਾਨ ਵਿਅਕਤੀ ਦੀ ਦਸ਼ਾ ਆਮ ਵਿਅਕਤੀ ਨਾਲੋਂ ਵਖਰੀ ਹੀ ਹੁੰਦੀ ਹੈ ਅਤੇ ਗਿਆਨ ਦੀ ਅੱਗ ਸਾਰੇ ਕਰਮ ਬੰਧਨਾਂ ਦਾ ਨਾਸ਼ ਕਰ ਦਿੰਦੀ ਹੈ: ਪਰ ਸੁਆਲ ਇਹ ਪੈਦਾ ਹੁੰਦਾ ਹੈ ਕਿ ਇਸ ਗਿਆਨ ਦਾ ਸਰੂਪ ਕੀ ਹੈ ਅਤੇ ਇਸਦੀ ਪ੍ਰਾਪਤੀ ਕਿਵੇਂ ਹੁੰਦੀ ਹੈ? ਗੁਰੂ ਨਾਨਕ ਰਾਗ ਮਾਰੂ ਵਿਚ ਗਿਆਨ ਦੀ ਦੁਧਾਰੇ ਖੜਗ ਨਾਲ ਤੁਲਨਾ ਕਰਦੇ ਹੋਏ ਦੱਸਦੇ ਹਨ ਕਿ ਕਾਮ ਕ੍ਰੋਧਾਦਿਕ ਪੰਜ ਚੋਰਾਂ ਨੂੰ ਸ਼ਬਦ ਰਾਹੀਂ ਜਿਤ ਕੇ ਜਦੋਂ ਵਿਅਕਤੀ ਗਿਆਨ ਦੇ ਖੜਗ ਨਾਲ ਮਨ ਦੇ ਸਨਮੁਖ ਹੋ ਜੂਝਦਾ ਹੈ ਤਾਂ ਮਨ ਦੀਆਂ ਵਾਸਨਾਵਾਂ ਮੁੜ ਮਨ ਵਿਚ ਹੀ ਸਮਾ ਜਾਂਦੀਆਂ ਹਨ ਅਰਥਾਤ ਉਹਨਾਂ ਵਾਸਨਾਵਾਂ ਦਾ ਸਰੂਪ ਨਿਖਰ ਜਾਂਦਾ ਹੈ ਅਤੇ ਉਹੋ ਹੀ ਵਿਅਕਤੀ ਦੀ ਸ਼ਖਸੀਅਤ ਦੇ ਗੁਣ ਬਣ ਜਾਂਦੀਆਂ ਹਨ:

ਕਾਮ ਕ੍ਰੋਧੁ ਅਹੰਕਾਰੁ ਨਿਵਾਰੇ॥
ਤਸਕਰ ਪੰਚ ਸਬਦਿ ਸੰਘਾਰੇ॥
ਗਿਆਨ ਖੜਗ ਲੈ ਮਨੁ ਸਿਉ ਲੂਝੇ ਮਨਸਾ ਮਨਹਿ ਸਮਾਈ ਹੇ॥

ਗੁਰੂ ਅਰਜਨ ਦੇਵ ਜੀ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹਨ– ਹਰਿ ਕਾ ਨਾਮੁ ਕੋਟਿ ਲਖ ਬਾਹਾ। ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ। ਗਿਆਨ ਖੜਗੁਕਰਿ ਕਿਰਪਾ ਦੀਨਾ ਦੂਤ ਮਾਰੇ ਕਰਿ ਧਾਈ ਹੇ(ਗੁ. ਗ੍ਰੰ. 1072)। ਗੁਰਬਾਣੀ ਵਿਚ ਅਤੇ ਹੋਰਨਾਂ ਧਾਰਮਕ ਗ੍ਰੰਥਾਂ ਵਿਚ ਥਾਂ ਥਾਂ ਤੇ ਬ੍ਰਹਿਮੰਡ ਦੀ ਵਿਸ਼ਾਲਤਾ ਅਤੇ ਪ੍ਰਭੂ ਦੀ ਰਚਨਾਤਮਿਕ ਸ਼ਕਤੀ ਦੀਆਂ ਅਨੇਕਾਂ ਡੂੰਘੀਆਂ ਪਰਤਾਂ ਵੱਲ ਸੰਕੇਤ ਕੀਤਾ ਗਿਆ ਹੈ। ਇਸ ਦ੍ਰਿਸ਼ਟਮਾਨ ਜਗਤ ਵਿਚ ਅਨੇਕਾਂ ਪ੍ਰਕਾਰ ਦੀਆਂ ਜੀਵਨ ਸ੍ਰੋਤੀ ਸ਼ਕਤੀਆਂ ਹਨ ਅਤੇ ਉਹਨਾਂ ਕਾਰਨ ਹੀ ਅਨੇਕਾਂ ਕਿਸਮਾਂ ਦੇ ਜਲ ਹਵਾਵਾਂ ਅਦਿ ਵਿਦਮਾਨ ਹਨ। ਏਨਾ ਹੀ ਨਹੀਂ ਭੂਗੋਲਿਕ ਦ੍ਰਿਸ਼ਟੀਕੋਣ ਤੋਂ ਵੀ ਭਿੰਨ ਭਿੰਨ ਕਿਸਮ ਦੇ ਅਨੇਕਾਂ ਪ੍ਰਦੇਸ਼ ਅਤੇ ਉਹਨਾਂ ਦੇ ਆਪਣੇ ਜਲਵਾਯੂ ਹਨ। ਇਹ ਪਸਾਰਾ ਇੰਨਾਂ ਵਿਸ਼ਾਲ ਹੈ ਕਿ ਮਨੁੱਖ ਦੀ ਸੀਮਿਤ ਬੁੱਧੀ ਇਸ ਸਭ ਕਾਸੇ ਨੂੰ ਵੇਖਣ ਸਮਝਣ ਲਈ ਸਮਰੱਥ ਨਹੀਂ ਹੈ। ਸਾਡੀ ਧਰਤੀ ਹੀ ਇਸ ਬ੍ਰਹਿਮੰਡ ਦਾ ਕੇਂਦਰ ਨਹੀਂ; ਸਗੋਂ ਜਿਵੇਂ ਕਿ ਅਜੋਕੇ ਵਿਗਿਆਨ ਨੇ ਇਹ ਸਿੱਧ ਕਰ ਦਿੱਤਾ ਹੈ ਕਿ ਇਹ ਸੱਚ ਹੈ ਕਿ ਅਨੇਕਾਂ ਹੀ ਸੂਰਜ ਮੰਡਲ, ਧਰਤੀਆਂ ਅਤੇ ਇਹਨਾਂ ਦੇ ਆਲੇ-ਦੁਆਲੇ ਚੱਕਰ ਲਾਉਣ ਵਾਲੇ ਗ੍ਰਹਿ ਮੌਜੂਦ ਹਨ। ਇਹ ਗਿਣਤੀ ਕਰ ਸਕਣਾ ਹੀ ਅਸੰਭਵ ਹੈ ਕਿ ਇਹਨਾਂ ਧਰਤੀਆਂ ਨੂੰ ਬਣਾਉਣ ਵਾਲੇ ਤਥਾ ਕਥਿਤ ਬ੍ਰਹਮਾ ਕਿੰਨੇ ਹਨ:

ਕੇਤੇ ਪਵਣ ਪਾਣੀ ਵੈਸੰਤਰ ਕੇਤੇ ਕੇਤੇ ਕਾਨ ਮਹੇਸ॥
ਕੇਤੇ ਬਰਮੇ ਘਾੜਤਿ ਘੜੀਅਹਿ ਰੂਪ ਰੰਗ ਕੇ ਵੇਸ॥
ਕੇਤੀਆ ਕਰਮ ਭੂਮੀ ਮੇਰ ਕੇਤੇ ਕੇਤੇ ਧੂ ਉਪਦੇਸ॥
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥
ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ...॥

ਦਰਅਸਲ ਸਾਡੀ ਇਹ ਧਰਤੀ ਤਾਂ ਬ੍ਰਹਿਮੰਡ ਦੀ ਵਿਸ਼ਾਲਤਾ ਦੇ ਸੰਦਰਭ ਵਿਚ ਇਕ ਛੋਟਾ ਜਿਹਾ ਬਿੰਦੂ ਹੈ ਅਤੇ ਇਹ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਇਸ ਛੋਟੇ ਜਿਹੇ ਬਿੰਦੂ ਧਰਤੀ ਉਪਰ ਰਹਿ ਰਹੇ ਉਸ ਤੋਂ ਵੀ ਕਿਤੇ ਛੋਟੇ ਮਨੁੱਖਾਂ ਦੀਆਂ ਸ਼ਕਤੀਆਂ ਕਿੰਨੀਆਂ ਕੁ ਹੋ ਸਕਦੀਆਂ ਹਨ। ਜਪੁਜੀ ਦੀਆਂ ਗਿਆਨ ਖੰਡ ਨਾਲ ਸੰਬੰਧਿਤ ਪੰਗਤੀਆਂ ਤਾਂ ਇਕ ਹੋਰ ਗੱਲ ਵੱਲ ਵੀ ਸੰਕੇਤ ਕਰਦੀਆਂ ਹਨ ਕਿ ਗੁਰੂ ਨਾਨਕ ਦੇਵ ਜੀ ਇਸ ਬਾਰੇ ਜ਼ਿਆਦਾ ਚਿੰਤਤ ਨਹੀਂ ਹਨ ਕਿ ਭਾਰਤੀ ਮਿਥਿਹਾਸ ਅਤੇ ਦਰਸ਼ਨ ਦੇ ਬਿਓਰੇਵਾਰ ਵਰਣਨਾਂ ਅਨੁਸਾਰ ਹਵਾਵਾਂ, ਜਲਾਂ, ਪਹਾੜਾਂ, ਅਗਨੀਆਂ ਤੇ ਬ੍ਰਹਮਾ ਆਦਿਕ ਦੀ ਗਿਣਤੀ ਮਿਣਤੀ ਕੀ ਹੈ? ਉਹ ਕੇਵਲ ਇਕ ਅਭੋਲ ਬਾਲਕ ਦੀ ਤਰ੍ਹਾਂ ਵਿਸ਼ਵ ਪਸਾਰੇ ਪ੍ਰਤੀ ਹੈਰਾਨੀ ਪ੍ਰਗਟ ਕਰਦੇ ਹਨ। ਵਿਸਮਾਦ ਵਿਚ ਪੁੱਜਾ ਵਿਅਕਤੀ ਹੀ ਸਹੀ ਅਰਥਾਂ ਵਿਚ ਗਿਆਨਵਾਨ ਵਿਅਕਤੀ

ਮੰਨਿਆ ਜਾ ਸਕਦਾ ਹੈ ਕਿਉਂ ਕਿ ਉਹ ਭੌਤਿਕ ਗਿਆਨ ਦੀ ਪ੍ਰਾਪਤੀ ਦੀ ਹਉਮੈ ਅਤੇ ਉਸ ਤੋਂ ਉਤਪੰਨ ਇਕ ਅਜੀਬ ਕਿਸਮ ਦੇ ਆਤਮਘਾਤੀ ਰੁੱਖੇਪਨ ਨੂੰ ਛੱਡ ਕੇ ਵਿਸਮਾਦ ਭਰਪੂਰਤਾ ਕਾਰਨ ਆਪਣੇ ਅੰਦਰ ਵਗ ਰਹੇ ਪ੍ਰੇਮ ਦੇ ਦਰਿਆ ਨੂੰ ਅਨੁਭਵ ਕਰ ਚੁੱਕਿਆ ਹੁੰਦਾ ਹੈ। ਗੁਰੂ ਅਰਜਨ ਅਜਿਹੀ ਅਵਸਥਾ ਦਾ ਵਰਨਨ ਸੁਖਮਨੀ ਵਿਚ ਕਰਦੇ ਹਨ- ਬਿਸਮਨ ਬਿਸਮ ਭਏ ਬਿਸਮਾਦ। ਜਿਨ ਬੂਝਿਆ ਤਿਸੁ ਆਇਆ ਸ੍ਵਾਦ (ਪੰਨਾ 285)। ਉਹ ਹੁਣ ਕੀਤੇ ਹੋਏ ਸਿਮਰਨ, ਪਾਠ ਜਾਂ ਗੁਰੂਦੁਆਰੇ ਵਿਚ ਟੇਕੇ ਹੋਏ ਮੱਥੇ ਨੂੰ ਲੋਕ ਵਿਖਾਵੇ ਲਈ ਨਹੀਂ ਕਰਦਾ। ਦਿੱਤੇ ਹੋਏ ਦਾਨ ਨੂੰ ਸੰਸਾਰਕ ਸੋਭਾ ਖੱਟਣ ਦੇ ਹਿਸਾਬ ਨਾਲ ਨਹੀਂ ਵੇਖਦਾ ਸਗੋਂ ਭਾਈ ਘਨਈਆਂ ਵਾਂਗ ਹਰ ਜ਼ਖਮੀ, ਹਰ ਪੀੜਤ ਵਿਚ ਆਪਣੇ ਗੁਰੂ ਦਾ ਰੂਪ ਵੇਖਦਾ ਹੈ। ਵਿਸਮਾਦ ਦੀ ਅਵਸਥਾ ਹੀ ਗੀਤਾ ਵਿਚ ਬਿਆਨ ਕੀਤੇ ਗਏ ਦਿੱਬ ਨੇਤਰ ਦਾ ਰੂਪ ਧਾਰਨ ਕਰਦੀ ਹੈ। ਅਤੇ ਵਿਅਕਤੀ ਨੂੰ ਪਰਮ ਸੱਚ ਦੇ ਰੁਬਰੂ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਗੁਰੂ ਅਰਜਨ ਦੇਵ ਜੀ ਉਹਨਾਂ 'ਹੋਰ ਅੱਖਾਂ' ਵੱਲ ਸੰਕੇਤ ਕਰਦੇ ਹਨ ਜਿਨ੍ਹਾਂ ਰਾਹੀਂ ਪ੍ਰਭੂ ਪ੍ਰੀਤਮ ਦਾ ਦੀਦਾਰ ਹੁੰਦਾ ਹੈ।

ਲੋਇਣ ਲੋਈ ਡਿਠ ਪਿਆਸ ਨ ਬੁਝੈ ਮੂ ਘਣੀ॥
ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ॥

ਗਿਆਨਵਾਨ ਵਿਅਕਤੀ ਕੋਲੋਂ ਇਹ ਆਸ ਕਰਨੀ ਠੀਕ ਹੀ ਹੈ ਕਿ ਉਹ ਸੂਚਨਾਵਾਂ ਦੇ ਰੂਪ ਵਿਚ ਇਕੱਠੇ ਕੀਤੇ ਵਿਦਿਅਕ ਗਿਆਨ ਨੂੰ ਅਸਲੀ ਗਿਆਨ ਨ ਮੰਨੇ ਅਤੇ ਇਸ ਤਰ੍ਹਾਂ ਦੇ ਗਿਆਨ ਉੱਤੇ ਵੀ ਜਿਹੜਾ ਕਿ ਗਿਆਨ ਨਹੀਂ, ਸੂਚਨਾਵਾਂ ਦਾ ਇਕੱਠ ਮਾਤਰ ਹੈ, ਮਾਣ ਨ ਕਰੇ। ਸੂਚਨਾਪਰਕ ਭੌਤਿਕ ਗਿਆਨ ਦੇ ਮੋਹ ਨੂੰ ਛੱਡ ਕੇ ਉਪਰ ਉਠੇ ਅਤੇ ਇਸ ਭੌਤਿਕ ਜਗਤ ਦੀ ਵਿਸ਼ਾਲਤਾ ਅਤੇ ਨੇਮਬੱਧਤਾ ਪਿੱਛੇ ਕਿਸੇ ਵਿਸਮਾਦੀ ਸ਼ਕਤੀ ਨੂੰ ਅਨੁਭਵ ਕਰਕੇ ਆਪ ਵੀ ਵਿਸਮਾਦ ਪੂਰਨ ਹੋ ਜਾਵੇ। ਵਿਸਮਾਦ ਅਥਵਾ ਅਸਚਰਜਤਾ ਵਾਲੀ ਅਵਸਥਾ ਵਿਚ ਪੁੱਜਣਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਧਰਮ ਗ੍ਰੰਥਾਂ ਨੂੰ ਪੜ੍ਹ ਕੇ ਪ੍ਰਾਪਤ ਕੀਤੀਆਂ ਗਈਆਂ ਸੂਚਨਾਵਾਂ ਜਾਂ ਜਾਣਕਾਰੀਆਂ ਸਾਡੇ ਅੰਦਰ ਕੇਵਲ ਇਹ ਹਉਮੈ ਪੈਦਾ ਕਰ ਸਕਦੀਆਂ ਹਨ ਕਿ ਅਸੀਂ ਬਹੁਤ ਜਾਣਕਾਰੀ ਦੇ ਮਾਲਕ ਹਾਂ। ਅਸੀਂ ਕਿਸੇ ਵੀ ਵਿਸ਼ੇ ਤੇ ਵਾਦ-ਵਿਵਾਦ ਕਰਕੇ ਵਿਰੋਧੀ ਦੇ ਮੋਢੇ ਲਾ ਸਕਦੇ ਹਾਂ। ਅਜਿਹੇ ਦ੍ਰਿਸ਼ ਅੱਜਕਲ੍ਹ ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਵਲੋਂ ਸੈਮੀਨਾਰਾਂ ਦੇ ਮੌਸਮ ਵਿਚ ਕਰਵਾਏ ਜਾਂਦੇ ਸੈਮੀਨਾਰਾਂ ਵਿਚ ਆਮ ਦਿਸਣ ਵਿਚ ਆਉਂਦੇ ਹਨ। ਪਰੰਤੂ ਵਿਸਮਾਦ ਅਵਸਥਾ ਵਿਚ ਪਹੁੰਚਿਆ ਹੋਇਆ ਵਿਅਕਤੀ ਆਪਣੇ ਆਪ ਨੂੰ ਹੰਕਾਰੀ ਮਾਲਕ ਨ ਮੰਨ ਕੇ ਸੇਵਾਦਾਰ ਅਤੇ ਲੋਕਾਂ ਦਾ ਸਹਿਕਰਮੀ ਮੰਨਦਾ ਹੈ ਅਤੇ ਉਸਦੇ ਅੰਦਰ-ਬਾਹਰ ਨਿਮਰਤਾ ਹੁੰਦੀ ਹੈ। ਗੁਰੂ ਅਰਜਨ ਦੇਵ ਰਾਮਕਲੀ ਰਾਗ ਵਿਚ ਅਜਿਹੇ ਹੀ ਬ੍ਰਹਮ ਗਿਆਨੀ ਦੀ ਖੋਜ ਵਲ ਸੰਕੇਤ ਕਰਦੇ ਹਨ- ਖੋਜਹੁ ਸੰਤਹੁ ਹਰਿ ਬ੍ਰਹਮ ਗਿਆਨੀ। ਬਿਸਮਾਨ ਬਿਸਮ ਭਏ ਬਿਸਮਾਦਾ ਪਰਮ ਗਤਿ ਪਾਵਹਿ ਹਰਿ ਸਿਮਰਿ ਪਰਾਨੀ( ਪੰਨਾ 893)। ਹਉਮੈ ਸਾਨੂੰ ਮਨੁੱਖਤਾ ਤੋਂ ਦੂਰ ਲੈ ਜਾਂਦੀ ਹੈ ਜਦੋਂ ਕਿ ਵਿਸਮਾਦ ਤੋਂ ਉਪਜੀ ਗਿਆਨ ਦੀ ਅਵਸਥਾ ਵਿਚ ਅਸੀਂ ਆਪਣੀ ਚੇਤਨਾ ਨੂੰ ਪ੍ਰਾਣੀ ਮਾਤਰ ਨਾਲ ਜੁੜਿਆ ਹੋਇਆ ਮਹਿਸੂਸ ਕਰਦੇ ਹਾਂ। ਵਿਸਮਾਦ ਪੂਰਨ ਇਹੋ ਜਿਹੀ ਅਵਸਥਾ ਦਾ ਹੀ ਸੰਕੇਤ ਸ੍ਰੀ ਗੁਰੂ ਨਾਨਕ ਦੇਵ ਜੀ ਜਪੁਜੀ ਦੀ ਸਤਾਈਵੀਂ ਪਉੜੀ ਵਿਚ ਕਰਦੇ ਹਨ ਜਿਥੇ ਉਹ 'ਸੋਦਰੁ ਕੇਹਾ ਸੋ ਘਰ ਕੇਹਾ' ਆਖ ਕੇ ਪ੍ਰਭ ਦੀ ਵਿਰਾਟਤਾ ਬਾਰੇ ਅਸਚਰਜਤਾ ਪ੍ਰਗਟ ਕਰਦੇ ਹਨ।

ਵਿਚਾਰਾਂ ਤੋਂ ਉਤਪੰਨ ਗਿਆਨ ਦੀ ਜੋਤ ਨਾਲ ਪ੍ਰਕਾਸ਼ਮਾਨ ਹੋਈ ਆਤਮਾ ਇਹ ਖੁਦ ਹੀ ਜਾਣ ਜਾਂਦੀ ਹੈ ਕਿ ਇਸ ਸੰਸਾਰ ਵਿਚ ਅਨੇਕਾਂ ਹੀ ਭਿੰਨ ਭਿੰਨ ਧਾਰਮਿਕ ਅਤੇ ਰਹੱਸਵਾਦੀ ਪਰੰਪਰਾਵਾਂ ਹਨ। ਅਜਿਹੇ ਕੱਟੜਵਾਦੀ ਅਤੇ ਤੰਗ ਨਜ਼ਰੀਏ ਦਾ ਤਿਆਗ ਹੋ ਜਾਂਦਾ ਹੈ ਜਿਸ ਰਾਹੀਂ ਇਹ ਮੰਨਿਆ ਜਾਂਦਾ ਹੈ ਕਿ ਦੁਨੀਆ ਵਿਚ ਕੇਵਲ ਇਕ ਹੀ ਧਰਮ ਜਾਂ ਇਕ ਹੀ ਪੈਗੰਬਰ ਹੈ, ਜਿਹੜਾ ਮੁਕਤੀ ਪ੍ਰਦਾਨ ਕਰ ਸਕਦਾ ਹੈ। ਅਜਿਹੇ ਵਿਚਾਰਵਾਨ ਪੁਰਖ ਲਈ ਇਹ ਸਪਸ਼ਟ ਹੁੰਦਾ ਹੈ ਕਿ ਵਿਧਾਤਾ ਦੀ ਇਸ ਬਹੁਪੱਖੀ ਅਤੇ ਅਨੇਕਤਾ ਭਰਪੂਰ ਰਚਨਾ ਵਿਚ ਅਨੇਕਾਂ ਹੀ ਸਭਿਆਤਾਵਾਂ, ਮਿਥਿਹਾਸ ਅਤੇ ਧਾਰਮਕ ਪਰੰਪਰਾਵਾਂ ਹਨ। ਨਤੀਜੇ ਵਜੋਂ ਪਰਮਾਤਮਾ ਨੂੰ ਮਿਲਣ ਦੇ ਢੰਗ, ਤਰੀਕੇ ਅਤੇ ਸੰਭਾਵਨਾਵਾਂ ਵੀ ਅਨੰਤ ਹੋਣੀਆਂ ਬਣਦੀਆਂ ਹਨ। ਅਜਿਹੀ ਸੂਝ ਸਦਕਾ ਹੀ ਕੂੜ ਦੀ ਕੰਧ ਢਹਿ ਢੇਰੀ ਹੋ ਜਾਂਦੀ ਹੈ ਜਿਸ ਵੱਲ ਗੁਰੂ ਨਾਨਕ ਦੇਵ ਜੀ ਜਪੁਜੀ ਦੀ ਪਹਿਲੀ ਪਉੜੀ ਵਿਚ ਵੀ ਇਸ਼ਾਰਾ ਕਰਦੇ ਹਨ- ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੈ ਪਾਲਿ॥ ਅਜਿਹਾ ਸੂਝਵਾਨ ਅਤੇ ਗਿਆਨਵਾਨ ਵਿਅਕਤੀ ਵਿਗਿਆਨਕ, ਸਭਿਆਚਾਰਕ, ਅਤੇ ਅਧਿਆਤਮਕ ਪੱਖਾਂ ਵਿਚ ਇਕ ਸੁਖਾਵਾਂ ਸੁਮੇਲ ਪੈਦਾ ਕਰਨ ਵਿਚ ਸਫਲ ਹੁੰਦਾ ਹੈ। ਪਰਸਪਰ ਸਹਿਯੋਗ ਦੇ ਉਮਾਹ ਕਾਰਨ ਉਸਦੀ ਸ਼ਖਸ਼ੀਅਤ ਸਹਿਨਸ਼ੀਲ ਬਣਦੀ ਜਾਂਦੀ ਹੈ ਅਤੇ ਉਸਦਾ ਹਿਰਦਾ ਇਕ ਦੈਵੀ ਸੁੰਦਰਤਾ ਅਤੇ ਅਨੰਦਮਈ ਖੇੜੇ ਨਾਲ ਭਰਪੂਰ ਹੋ ਜਾਂਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸ਼ਬਦਾਂ ਵਿਚ 'ਬਿਸਮ ਬਿਸਮ ਹੀ ਭਈ ਹੈ ਲਾਲ ਗੁਲਾਲ ਰੰਗਾਰੈ ॥ ਕਹੁ ਨਾਨਕ ਸੰਤਨ ਰਸੁ ਆਈ ਹੈ ਜਿਉ ਚਾਖਿ ਗੂੰਗਾ ਮੁਸਕਾਰੈ।

# ਬੀਤੇ ਦੀਆਂ ਪੈੜਾਂ

**(ਅਣਛਪਿਆ–ਭਾਗ)**

**(ਪਿਛਲੇ ਅੰਕ ਤੋਂ ਅੱਗੇ)**



**ਪ੍ਰੀਤਮ ਸਿੰਘ ਕਵੀ**

ਸੱਪ ਮਟਮੈਲਾ ਪਰ ਫਨਦਾਰ ਸੀ। ਜ਼ਰਾ ਕੁ ਸੋਟੀ ਚੁੱਕਣ ਤੇ ਉਸ ਨੇ ਫੱਨ ਚੁੱਕੀ ਬੁੱਕ ਜਿੰਨੀ ਫੜ੍ਹ ਦੇ ਪਿਛਲੇ ਪਾਸੇ ਦਾ ਨਿਸ਼ਾਨ ਸੀ। ਅਜੇ ਚਾਰ ਦਿਨ ਪਹਿਲਾਂ ਮੈਨੂੰ ਤੇ ਅਤਰ ਸਿੰਘ ਨੂੰ ਏਸੇ ਰੰਗ ਦਾ ਲੰਮਾਂ ਨਾਗ ਅੰਬਾਂ ਦੇ ਬਾਗ ਵਿਚ ਦਿੱਸਿਆ ਸੀ। ਇਹੋ ਨਿਸ਼ਾਨ ਵੇਖ ਉਸ ਦੱਸਿਆ ਸੀ: ਅਸਲ ਵਿਚ ਇਹ ਮਾਦਾ ਕੋਬਰਾ ਹੈ। ਨਰ ਪਿਛੇ ਐਸਾ ਨਿਸ਼ਾਨ ਨਹੀਂ ਹੁੰਦਾ। ਸਾਹਮਣੇ ਨੱਪੇ ਸੱਪ ਨੂੰ ਕਿਵੇਂ ਫੜੀਏ ਵੱਖ-ਵੱਖ ਸਲਾਹਾਂ ਆਉਣ ਲੱਗੀਆਂ। ਇਕ ਸੋਟੀ ਬੋਗਲ ਫੜ ਲਿਆਇਆ ਉਸਨੇ ਸੱਪ ਦੀ ਧੌਣ ਤੇ ਰੱਖ ਠਾਕੁਰ ਜੀ ਨੂੰ ਵਿਹਲਾ ਕਰ ਦਿੱਤਾ। ਬਿਰਧ ਕਿਰਪਾਲ ਸਿੰਘ ਝੱਬਰ ਕਹਿਣ ਲੱਗਾ, ਨੱਪੀ ਰੱਖੋ ਮੈਂ ਬੋਰੀ ਨਾਲ ਫੜਦਾ ਹਾਂ। ਬੀਬਾ ਜੀ ਵੇਖਣ ਆ ਗਏ, ਬੀਬੀ ਜੀ ਪਹੁੰਚ ਗਏ, ਸੰਤ ਜਗਤਾਰ ਸਿੰਘ ਪਹਿਲਾਂ ਹੀ ਸਲਾਹੂਆਂ ਵਿਚ ਸਨ। ਕੋਈ ਕਹੇ ਸੀ. ਆਰ. ਪੀ. ਵਾਲਿਆਂ ਨੂੰ ਕਹੋ ਗੋਲੀ ਮਾਰਨ। ਦੂਜਾ ਆਖੇ ਨਾਂ! ਜੀਵ ਹੱਤਿਆ ਨਹੀਂ ਕਰਨੀ। ਪਰਿਓਂ ਨੇੜੇ ਦੇ ਘਰ ਵਾਲਾ ਕੰਨੜ ਹੈਡਮਾਸਟਰ ਆਗਿਆ।

ਟੁੱਟੀ ਫੁੱਟੀ ਹਿੰਦੀ ਵਿਚ ਬੋਲਿਆ: ਯੇਗ ਖ਼ਤਰਨਾਕ ਹੈ, ਦੇਖਣਾ ਕਹੀਂ ਡਸ ਨ ਜਾਏ। ਅੰਤ ਇਕ ਪੀਪਾ ਲੈ ਆਂਦਾ ਗਿਆ, ਉਸਦੇ ਨੇੜੇ ਕੀਤਾ ਤਾਂ ਨਾਗਰਾਜ ਨੇ ਚੌਖਾ ਸਾਰਾ ਮੂੰਹ ਟੱਡਿਆ। ਕਿਰਪਾਲ ਸਿੰਘ ਹੁਰੀਂ ਬੋਲੇ- ਅੱਜ ਵਾਰ ਕੀ ਹੈ। ਸ਼ਨੀਵਾਰ ਹੈ। ਸੰਤਾਂ ਕਿਹਾ ਅਹੁ ਵੇਖੋ ਏਥੇ ਮੂੰਹ ਵਿਚ ਛਾਲਾ, ਏਸਨੇ ਸੋਮਵਾਰ ਫਿਸਣਾ ਹੈ ਬਸ ਜਿਸਨੂੰ ਲੜਿਆ ਪਾਣੀ ਨਹੀਂ ਪੁੱਛਣ ਦੇਵੇਗਾ।

ਸੱਪ ਨੂੰ ਪੀਪਾ ਨੇੜੇ ਕਰ ਢਿੱਲਾ ਕੀਤਾ ਤਾਂ ਉਹ ਪੀਪੇ ਵਿਚੋਂ ਵੜ ਕੇ ਨਿਕਲ ਆਇਆ ਅਤੇ ਇਹਨਾਂ ਪੋੜੀਆਂ ਵਿਚ ਰਵਾ ਰਵੀਂ ਚਲਾ ਲਿਆ ਗਿਆ ਹੁਣ ਸੰਤ ਜਗਤਾਰ ਸਿੰਘ ਵੀ ਤਜਵੀਜ਼ ਆਈ ਅੰਤ ਵੇਖੋ, ਖੁੰਡ ਜੇ, ਉਸ ਵਿਚ ਪਾਣੀ ਪਾਓ ਇਹਦਾ ਪਿਉ ਵੀ ਨਿਕਲ ਆਵੇਗਾ। ਬੋਗਲ ਪੀਪਾ ਪਾਣੀ ਦਾ ਲੈ ਆਇਆ। ਦੋ ਪੀਪੇ ਪਾਣੀ ਪੈ ਗਿਆ ਪਰ ਸਰਪ ਨੂੰ ਪਤਾ ਹੀ ਨਹੀਂ ਸੀ ਲੱਗ ਰਿਹਾ। ਫੇਰ ਕਿਸੇ ਨੇ ਪੱਥਰ ਚੁੱਕਣ ਲਈ ਕਿਹਾ। ਇਕ ਪੱਥਰ ਹਟਾਇਆ, ਕਿਤੇ ਨਿਸ਼ਾਨ ਨਾ ਪਾਇਆ। ਦੂਜਾ ਚੁੱਕਣ ਲੱਗੇ ਤਾਂ ਦਰਸ਼ਕਾਂ ਸ਼ੋਰ ਮਚਾ ਦਿੱਤਾ- ਅਹੁ ਬੈਠਾ ਜੇ, ਸਿਰੀ ਦਿਸਦੀ ਹੈ ਪੂਛ ਹਿਲਦੀ ਹੈ। ਜ਼ਰਾ ਸੰਭਲ ਕੇ, ਚੁੱਕੋ। ਪੱਥਰ ਚੁੱਕਿਆ ਭੰਬਤਰੇ ਪਏ ਨਾਗਰਾਜ ਨੂੰ ਫੇਰ ਮੋਟੇ ਲੰਮੇ ਬਾਂਸ ਨਾਲ ਨੱਪ ਦਿੱਤਾ ਗਿਆ।

ਠਾਕੁਰ ਜੀ ਕਿਹਾ- ਦੱਬੀ ਰੱਖੋ ਮੈਂ ਸੁਖਦੇਵ ਡਰਾਈਵਰ ਨੂੰ ਲਿਆਉਨਾ ਉਹ ਬੋਰੀ ਨਾਲ ਫੜ ਕੇ ਬਾਹਰ ਸੁੱਟ ਆਵੇਗਾ। ਬਾਬਾ ਝੱਬਰ ਅਖੇ ਮੈਂ ਫੜਦਾ ਹਾਂ ਪਰ ਠਾਕੁਰ ਜੀ ਮਾਟਾਡੋਰ ਸਟਾਰਟ ਕੀਤੀ ਤੇ 6-7 ਮਿੰਟ ਬਾਅਦ ਆ ਗਏ, ਸੁਖਦੇਵ ਨਹੀਂ ਮਿਲਿਆ ਸੀ। ਏਥੇ ਓਨਾ ਚਿਰ ਵਿਚ ਸੱਪਾਂ ਤੇ ਕਈ ਪੁਸਤਕਾਂ ਪੜ੍ਹੀਆਂ ਜਾ ਚੁੱਕੀਆਂ ਸਨ। ਸੰਤ ਏਸੇ ਪਕੜ ਧਕੜ ਵਿਚ ਸੰਤ ਕਿਰਪਾਲ ਸਿੰਘ ਝੱਬਰ ਬੋਰੀ ਫੜ ਕੇ ਆ ਗਿਆ- ਸੋਚੀ ਕੀ ਜਾਂਦੇ ਹੋ, ਲਿਆਓ ਖਾ ਮੈਂ ਫੜਦਾ ਹਾਂ, ਬੱਸ ਤੁਸੀਂ ਧੌਣ ਨੂੰ ਮੇਰਾ ਹੱਥ ਪੈ ਲੈਣ ਦਿਓ। ਗੁੱਸੇ ਵਿਚ ਆਏ ਸੱਪ ਨੇ ਕਈ ਦਾਅ ਪੇਚ ਵਰਤੇ ਪਰ ਕੋਈ ਪੇਸ਼ ਨਾ ਗਈ। ਸੰਤਾਂ ਬੋਰੇ ਨਾਲ ਸੱਪ ਨੂੰ ਸੰਘੀਓਂ ਫੜਕੇ ਜਦ ਉਪਰ ਉਠਾਇਆ ਤਾਂ ਗਜ਼ ਭਰ ਲੰਮਾ ਸੁਨਹਿਰੀ ਤੇ ਚਿੱਟੀ ਪੂਛ ਵਾਲਾ ਡੰਡਾ ਬਣ ਗਿਆ। ਸਾਰੀ ਭੀੜ ਮਗਰ ਤੁਰ ਪਈ ਤੇ ਦੂਰ ਝਾੜੀਆਂ ਵਿਚ ਉਸਨੂੰ ਛੁੱਟੀ ਕਰ ਦਿੱਤੀ ਗਈ। ਉਸਨੇ ਵੀ ਭਉਂ ਕੇ ਪਿੱਛਾਹ ਨਹੀਂ ਵੇਖਿਆ।

ਸ੍ਰੀ ਸਤਿਗੁਰੂ ਜੀ ਦੀ ਉਡੀਕ ਚਾਰ ਵਜੇ ਤੋਂ ਪਿਛੋਂ ਬਣੀ ਰਹੀ ਪਰ ਗੱਡੀਆਂ ਖਾਲੀ ਮੁੜ ਆਈਆਂ, ਸ਼ਾਇਦ ਜਹਾਜ਼ ਤੇ

ਸੀਟ ਨਹੀਂ ਮਿਲੀ। ਪਰ ਏਧਰ ਮੇਰੇ ਨਾਲ ਦੇ ਕਮਰੇ ਵਿਚ ਅੰਬਾਂ ਤੇ ਕੇਲਿਆਂ ਦੀ ਪੈਲ ਪਾ ਰਖੀ ਗਈ ਹੈ, ਸੱਚੇ ਪਾਤਸ਼ਾਹ ਆਉਣ ਗੇ ਸੰਗਤ ਨੂੰ ਵਰਤਾਣਗੇ। ਕੋਠੀ ਦਾ ਆਲਾ ਦੁਆਲਾ ਮੇਜਰ ਸਿੰਘ ਬੀੜ ਨੇ ਕਹੀ ਕੁਦਾਈ ਨਾਲ ਸਾਫ ਕਰ ਦਿੱਤਾ ਹੈ। ਸੁਖਦੇਵ ਸਿੰਘ, ਸਾਧੂ ਸਿੰਘ, ਹਰਦੇਵ ਸਿੰਘ ਆਦਿ ਸੱਜਣਾਂ ਨੇ ਟ੍ਰੈਕਟਰ ਵਾਲਿਆਂ ਨਾਲ ਮਿੱਟੀ ਲਿਆ ਲਿਆ ਸੜਕਾਂ ਦੇ ਖਡੇ ਭਰ ਦਿੱਤੇ ਹਨ। ਫਾਰਮ ਹਾਊਸ ਦੁਆਲਿਓਂ ਵੀ ਘਾਹ ਬੂਟ ਖ਼ਤਮ ਕਰ ਦਿੱਤਾ ਗਿਆ ਹੈ। ਕੋਸ਼ਿਸ਼ ਕੀਤੀ ਗਈ ਹੈ ਕਿ ਸੱਚੇ ਪਾਤਸ਼ਾਹ ਜਿਧਰ ਵੇਖਣ ਸੁੰਦਰ ਹੀ ਨਜ਼ਰ ਆਏ।

ਦੇਸ਼ ਲਈ ਅੱਜ ਦੀ ਖਾਸ ਖ਼ਬਰ ਇਹ ਹੈ ਕਿ ਦੇਸ਼ ਦਾ 25 ਵਾਂ ਸੰਪੂਰਨ ਰਾਜ ਗੋਆ ਨੂੰ ਬਣਾ ਦਿੱਤਾ ਗਿਆ ਹੈ, ਹੁਣ ਓਥੇ ਵੋਟਾਂ ਪੈਣਗੀਆਂ ਤੇ ਵਿਧਾਨ ਸਭਾ ਚੁਣੀ ਜਾਵੇਗੀ। ਕੇਂਦਰ ਸਰਕਾਰ ਦਾ ਰਾਜ ਓਥੇਂ ਸਮਾਪਤ ਕਰ ਦਿੱਤਾ ਗਿਆ ਹੈ।

ਸ਼ਾਮ ਨੂੰ ਹਰਪਾਲ ਸਿੰਘ ਆਇਆ ਤਾਂ ਉਸਨੇ ਠਾਕੁਰ ਜੀ ਨੂੰ ਆਪਣੇ ਆਉਣ ਦੀ ਦੇਰੀ ਦਾ ਕਾਰਨ ਦੱਸਦਿਆ ਕਿਹਾ– ਅਮਰ ਸਿੰਘ ਦੇ ਭਾਈ ਅਸ਼ੋਕ ਪਾਲ ਸਿੰਘ ਨੇ ਇੱਕ ਟੀ ਜਾਂ ਬੇਗਾਨ ਸਾਨੇ ਪੀ ਕੇ ਆਤਮਘਾਤ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਮਰ ਸਿੰਘ ਹੁਰਾਂ ਨੂੰ ਅਚਾਨਕ ਬਿਪਤਾ ਪੈ ਗਈ ਸੀ, ਪੁਲਿਸ ਕੇਸ ਨਹੀਂ ਬਣਨ ਦਿੱਤਾ ਗਿਆ। ਡਾਕਟਰਾਂ ਨੇ ਅਸ਼ੋਕ ਪਾਲ ਸਿੰਘ ਨੂੰ ਖ਼ਤਰਿਓਂ ਬਾਹਰ ਕਰਾਰ ਦਿੱਤਾ ਹੈ।

ਸ. ਅਮਰ ਸਿੰਘ ਛੀਂਬਾ ਪਰਿਵਾਰ ਹੈ। ਅਸ਼ੋਕ ਪਾਲ ਸਿੰਘ ਚੁਸਤ ਆਦਮੀ ਹੈ, ਆਪਣਾ ਖਾਂਦਾ ਪੀਦਾਂ ਤੇ ਵਖਰੀ ਰਿਹਾਇਸ਼ ਹੈ। ਸਿਲਾਈ ਦਾ ਕੰਮ ਕਰਦਾ ਹੈ ਅਤੇ ਸ਼ਰਾਬ ਦੀ ਲੱਤ ਦਾ ਸ਼ਿਕਾਰ ਹੈ। ਸ਼ਰਾਬ ਤੋਂ ਹੀ ਝਗੜਿਆ ਪਰ ਵਿਚ ਤੇ ਫੇਰ ਮੌਤ ਵਿਹਾਝਣ ਚੱਲ ਪਿਆ।

ਅਮਰ ਸਿੰਘ ਸ੍ਰੀ ਸਤਿਗੁਰੂ ਜੀ ਦਾ ਸੇਵਕ ਹੈ। ਅੱਜ ਬੈਂਗਲੋਰ ਵਿਚ ਏਸੇ ਦੇ ਘਰ ਆਪਣਾ ਟੈਲੀਫੋਨ ਰੱਖਿਆ ਹੋਇਆ ਹੈ। ਦੇਸ਼ ਵਿਦੇਸ਼ ਨੂੰ ਫੋਨ ਏਥੋਂ ਹੁੰਦੇ ਤੇ ਫਾਰਮ ਵਲੋਂ  ਬਿਲ ਅਦਾ ਕੀਤਾ ਜਾਂਦਾ ਹੈ। ਸਾਧ ਸੰਗਤ ਅਤੇ ਠਾਕੁਰ ਜੀ ਦੀ ਆਵਾਜਾਈ ਦੀ ਖੇਚਲ ਇਹਨਾਂ ਸ਼ੌਕ ਨਾਲ ਸੰਭਾਲੀ ਹੋਈ ਹੈ। ਅਮਰ ਸਿੰਘ ਜੀ ਨੇ ਛੋਟੇ ਭਾਈ ਲਈ ਭੱਜ ਨੱਠ ਕਰਕੇ ਜਾਨ ਬਚਾਈ ਹੈ, ਠਾਕੁਰ ਜੀ ਨੂੰ ਪ੍ਰੇਸ਼ਾਨੀ ਨਾ ਹੋਵੇ ਫਾਰਮ ਤੇ ਵੀ ਸੂਚਿਤ ਨਹੀਂ ਕੀਤਾ।

## 31 ਮਈ 1987, ਐਤਵਾਰ
## ਨਵੀਂ ਦਿੱਲੀ

ਏਥੇ ਐਤਵਾਰ ਨੂੰ ਬਿਜਲੀ ਵਲੋਂ ਵੀ ਕਾਫੀ ਘੰਟੇ ਛੁੱਟੀ ਕੀਤੀ ਜਾਂਦੀ ਹੈ। ਸੋ ਸੁੱਖ ਨਾਂ ਦੀ ਚੀਜ਼ ਪੱਖਿਆਂ ਵਾਲਿਆਂ ਨੂੰ ਵੀ ਨਹੀਂ। ਦਿਨ ਅੱਜ ਬਹੁਤ ਤੇਜ਼ ਲੱਗਾ ਹੈ। ਧੁੱਪ ਕੰਨ ਸਾੜਦੀ ਹੈ।

ਸ੍ਰੀ ਸਤਿਗੁਰੂ ਜੀ ਦੀ ਅਗਵਾਨੀ ਕਰਨ ਤੇ ਨਾਲ ਲੈ ਆਉਣ ਲਈ 12:30 ਵਜੇ ਫਾਰਮ ਚੋਂ ਮਾਟਾ ਡੋਰ ਅਤੇ ਜੀਪ ਦੋ ਗੱਡੀਆਂ ਚਲੀਆਂ। ਪਹਿਲੀ ਵਿਚ 6 ਸੀ.ਆਰ.ਪੀ. ਵਾਲੇ ਜੁਆਨ ਤੇ ਸ੍ਰੀ ਬੋਗਲ ਅਤੇ ਸ੍ਰੀ ਦਰਸ਼ਨ ਸਿੰਘ ਨਾਮਧਾਰੀ ਅੰਗ ਰੱਖਿਅਕ ਅਤੇ ਦੂਜੀ ਵਿਚ ਠਾਕੁਰ ਉਦੇ ਸਿੰਘ, ਸੰਤ ਜਗਤਾਰ ਸਿੰਘ ਤੇ ਮੈਨੇਜਰ ਹਰਪਾਲ ਸਿੰਘ ਬੰਗਲੌਰ ਏਅਰਪੋਰਟ ਨੂੰ ਚਲੇ।

ਸ੍ਰੀ ਹਰਦੇਵ ਸਿੰਘ ਦੀ ਟੀਮ ਨੇ ਜੋ ਕਿ ਪਿੰਡ ਦੀਆਂ ਤੀਵੀਆਂ ਅਤੇ ਮਰਦਾਂ ਉਤੇ ਮੁਸ਼ਤਮਿਲ ਹੈ ਦੋ ਕੁ ਵਜੇ ਕੋਈ ਟੀ ਸਫਾਈ ਲਈ ਧਾਵਾ ਬੋਲਿਆ। ਘਾਹ ਪੁੱਟਿਆ ਗਿਆ, ਬਹੁਕਰ ਬੁਹਾਰੀ ਦਿੱਤੀ ਗਈ। ਕੋਠੀ ਦਾ ਪਿਛਵਾੜਾ ਤੇ ਵਿਹੜਾ ਅੱਛੀ ਤਰ੍ਹਾਂ ਸਾਫ਼ ਕਰ ਦਿੱਤੇ ਗਏ, ਅੱਜ ਸਤਿਗੁਰੂ ਜੀ ਦੇ ਸੁਆਗਤ ਲਈ ਹਰ ਪ੍ਰਕਾਰ ਦੀ ਤਿਆਰੀ ਹੈ।

ਪਹਿਲੀ ਗੱਡੀ ਇਕ ਟੈਕਸੀ ਆਈ, ਜਿਸ ਵਿਚ ਕੇਵਲ ਸੰਤ ਬਲਦੇਵ ਸਿੰਘ ਹਜ਼ੂਰੀ ਸੇਵਕ ਤੇ ਜੋੜੀਂਦਾ ਸਮਾਨ ਨਿਕਲਿਆ। ਇਹ ਟੈਕਸੀ 150+25+1755 ਤੇ ਆਈ ਸੀ। ਅਜੇ ਵੀ ਟੈਕਸੀ ਵਾਲੇ ਹੋਰ ਪੈਸਿਆਂ ਲਈ ਇਜਹਾਰ ਕਰਦੇ ਸਨ। ਠਾਕਰਾਂ ਦਬਕਾ ਮਾਰਿਆ: ਬਲਵੰਤ ਸਿੰਘ ਜੀ ਬਹੁਤੇ ਉਦਾਰ ਨਾ ਬਣੋ, ਪੈਸੇ ਰੁੱਖਾਂ ਨਾਲ ਨਹੀਂ ਲੱਗਦੇ। ਇਹਨਾਂ ਨਾਲ ਕੀਤੀ ਗੱਲ ਅਨੁਸਾਰ, ਮੂੰਹ ਮੰਗੇ ਪੈਸੇ ਦੇ ਦਿੱਤੇ ਹਨ।

ਪਰ ਇਹੋ ਠਾਕੁਰ ਜੀ, ਮੈਂ ਵੇਖਿਆ ਹੈ, ਜਦੋਂ ਕਦੇ ਉਰਗਾਹਲੀ ਪਿੰਡ ਵਾਸੀਆਂ ਨੇ ਆਪਣੀ ਸਹਾਇਤਾ ਲਈ ਅਰਜ਼ ਕੀਤੀ ਹੈ ਵਿਆਹ ਸ਼ਾਦੀਆਂ ਵੇਲੇ ਜਾਂ ਬਿਮਾਰੀ ਛਮਾਰੀ ਵੇਲੇ ਤਾਂ ਰੁਪੈ ਪੈਸੇ ਜਾਂ ਸਮਗਰੀ ਨਾਲ ਉਹਨਾਂ ਦੀ ਮਨੋਕਾਮਨਾ ਪੂਰੀ

ਕਰਦੇ ਹਨ। ਮੇਰੇ ਹੁੰਦਿਆਂ ਦੋ ਕੁ ਜਾਣੇ ਐਸੇ ਅਰਜ਼ ਗੁਜ਼ਾਰੂ ਆਏ ਜਿਨ੍ਹਾਂ ਲਈ ਹਰਪਾਲ ਸਿੰਘ ਜਾਂ ਅਤਰ ਸਿੰਘ ਨੂੰ ਆਗਿਆ ਹੋ ਗਈ।

5:30 ਹੋਏ ਤਾਂ ਸੀ.ਆਰ.ਪੀ ਵਾਲਿਆਂ ਦੀ ਗੱਡੀ ਪਿਛੇ ਸ੍ਰੀ ਸਤਿਗੁਰੂ ਜੀ ਦੀ ਗੱਡੀ ਆਈ। ਆਉਂਦਿਆਂ ਹੀ ਜਿਵੇਂ ਸਾਰੇ ਫਾਰਮ ਤੇ ਖੁਸ਼ੀਆਂ ਦਾ ਮੀਂਹ ਵੱਸ ਪਿਆ। ਹਰੇਕ ਹਿਰਦੇ ਵਿਚ ਸ਼ਰਧਾ ਪਿਆਰ ਅਤੇ ਸਤਿਕਾਰ ਭਰੀ ਧੜਕਣ ਜਾਗ ਉੱਚੀ। ਚਾਹ ਤੇ ਉਮਾਹ ਨਾਲ ਸਾਰਾ ਦੁਆਲਾ ਸ਼ਰਛਾਰ ਹੋ ਗਿਆ। ਜਿਉਂ ਹੀ ਸਤਿਗੁਰੂ ਜੀ ਨੇ ਭੁੰਜੇ ਚਰਨ ਧਰਿਆ ਸੰਤ ਬਲਵਿੰਦਰ ਸਿੰਘ ਲਾਂਗਰੀ ਨੇ ਕਈਆਂ ਦਾ ਹਾਰ ਸਤਿਗੁਰੂ ਜੀ ਦੇ ਗਲੇ ਪਹਿਨਾਇਆ। ਸਤਿਗੁਰੂ ਜੀ ਨੇ ਸਿਦਕੀ ਤੇ ਸੇਵਕ ਸਿੰਘ ਦਾ ਸਤਿਕਾਰ ਪਰਵਾਨ ਕਰਕੇ ਆਪਣੇ ਗਲੋਂ ਲਾਹ ਹਾਰ ਉਸਦੇ ਗਲੇ ਪਹਿਨਾਅ ਦਿੱਤਾ। ਲੰਮੀ ਦਾਹੜੀ ਉਤੇ ਹਾਰ ਅੱਧ ਵਿਚਾਲੇ ਹੀ ਆਇਆ ਪਰ ਸਿੱਖ ਦੀਆਂ ਖੁਸ਼ੀਆਂ ਸੰਪੂਰਨ ਹੋ ਗਈਆਂ। ਸਗੋਂ ਅੱਗੇ ਤੋਂ ਵੱਧ ਹੋ ਗਈਆਂ। ਮੈਂ ਚਰਨਾਂ ਤੇ ਨਮਸਕਾਰ ਕੀਤੀ ਤਾਂ ਸੱਚੇ ਪਾਤਸ਼ਾਹ ਜੀ ਨੇ ਫ਼ਰਮਾਇਆ- ਮੈਂ ਐਤਕਾਂ ਆਉਣਾ ਤਾਂ ਨਹੀਂ ਸੀ ਪਰ ਤੁਹਾਡੇ ਜੈਸੇ ਤੋਰੇ ਹੋਣ ਕਰਕੇ ਏਧਰ ਆਗਿਆ। ਮੈਂ ਏਥੇ ਪੂਰੇ ਦੋ ਮਹੀਨੇ ਰਹਿਣਾ ਚਾਹੁੰਦਾ ਹਾਂ, ਐਤਕਾਂ ਪਹਿਲਾਂ 25 ਦਿਨ ਫਿਰ 20 ਅਤੇ ਫੇਰ ਕਟ ਲੱਗਦੇ ਲੱਗਦੇ 15 ਦਿਨ ਹੀ ਹੁਣ 10 ਦਿਨਾਂ ਲਈ ਆਇਆ ਹਾਂ।

ਏਥੋਂ ਦੇ ਮਕੈਨਿਕ ਸੰਤ ਅਮਰੀਕ ਸਿੰਘ ਪੱਦੀ ਖਾਲਸਾ ਨੂੰ ਵੇਖ ਪੁਛਿਆ ਠੀਕ ਠਾਕ ਆ ਗਏ ਹੋ? ਕੋਲੋਂ ਅੰਗ ਰੱਖਿਅਕ ਸੁਰਿੰਦਰ ਸਿੰਘ ਬੋਗਲ ਬੋਲਿਆ- ਹਾਂ ਜੀ, ਠੀਕ ਠਾਕ ਹੀ ਆਗਿਆ, ਸੀ.ਆਰ.ਪੀ. ਵਾਲਿਆਂ ਤੇ ਮੈਂ ਤੇ ਦਰਸ਼ਨ ਨੇ ਬੰਦੂਕਾਂ ਦੇ ਜ਼ੋਰ ਅੱਗੇ ਲਾ ਲਿਆਂਦਾ ਹੈ। ਅਮਰੀਕ ਸਿੰਘ ਤਾਂ ਪ੍ਰੇਮ ਦਾ ਬੱਧਾ 3 ਮਹੀਨੇ ਲਈ ਆਇਆ ਸਾਢੇ ਤਿੰਨ ਸਾਲ ਲਈ ਬੈਠਾ ਹੈ। ਬੇਬੇ ਜੀ, ਸਵਰਨ ਕੌਰ, ਮੰਡੀ ਵਾਲੀਆਂ ਬੀਬੀਆਂ ਬੀਬਾ ਜੀ, ਬੀਬੀ ਜੀ ਤੇ ਫੇਰ ਮਾਤਾ ਜੀ ਨੇ ਸੁੰਦਰ ਮੁੰਦੇ ਸਫੈਦ ਫੁੱਲਾਂ ਦੇ ਹਾਰ ਪਰਿਨਾਅ ਕੇ ਸ੍ਰੀ ਸਤਿਗੁਰੂ ਜੀ ਦਾ ਸੁਆਗਤ ਕੀਤਾ। ਸੱਚੇ ਪਾਤਸ਼ਾਹ ਹਾਰ ਗਲੋਂ ਲਾਹ ਲਾਹ ਕਦੇ ਕਿਸੇ ਨੂੰ ਮਾਣ ਦਿੰਦੇ ਕਦੇ ਕਿਸੇ ਨੂੰ। ਫੇਰ ਮਹਾਰਾਜ ਜੀ ਨੇ ਆ ਕੇ ਨਮਸਕਾਰ ਕੀਤੀ। ਖਾਮੋਸ਼, ਸ਼ਾਂਤ, ਉਤਸ਼ਾਹ ਹੀਨਾ ਸੱਚੇ ਪਾਤਸ਼ਾਹ ਸ. ਅਮਰੀਕ ਸਿੰਘ ਕੇ ਘਰ ਬੈਂਗਲੋਰ ਦਰਸ਼ਨ ਦੇ ਕੇ ਏਥੇ ਆਏ ਹਨ।

ਸ੍ਰੀ ਸਤਿਗੁਰੂ ਜੀ ਕੋਠੀ ਦੇ ਅੰਦਰ ਪਦਾਰਪਣ ਕਰ ਗਏ। ਸੰਬੰਧਤ ਸਿੱਖ ਸੇਵਕ ਤੇ ਬੀਬੀਆਂ ਵੀ ਪਿੱਛੇ ਪਿਛੇ ਹੋ ਪਈਆਂ। ਅੱਜ ਸੱਚੇ ਪਾਤਸ਼ਾਹ ਜੀ ਨੇ ਪਹਿਲੀ ਵਾਰ ਆਪਣੇ ਨਿਕੂ ਦੀ ਸੰਤਾਨ ਵੇਖਣੀ ਸੀ। ਠਾਕੁਰ ਜੀ ਨੂੰ ਭਰੋਸਾ ਹੈ ਕਿ ਉਹਨਾਂ ਦੇ ਫਾਰਮ ਵਿਚ ਕੀਤੇ ਕਾਰਜ ਕਾਰਨ ਸ੍ਰੀ ਸਤਿਗੁਰੂ ਜੀ ਤੋਂ ਬਾਰ ਬਾਰ ਖੁਸ਼ੀਆਂ ਮਿਲਣਗੀਆਂ।

ਸ੍ਰੀ ਸਤਿਗੁਰੂ ਜੀ ਨੇ ਮੈਨੂੰ ਫਾਰਮ ਤੇ ਗਿਆ ਦੱਸਿਆ ਕਿ ਆਪ ਜੀ ਦਾ 3-4 ਦਿਨ ਤੋਂ ਗਲਾ ਖਰਾਬ ਹੈ। ਮੈਂ ਆਖਿਆ- ਗਾਉਂਦਿਆਂ ਬਾਹਲਾ ਜ਼ੋਰ ਲੱਗ ਗਿਆ ਹੋਵੇਗਾ। ਬਚਨ ਹੋਇਆ ਗਾਵਿਆਂ ਤਾਂ ਸਗੋਂ ਗਿਆ ਹੀ ਨਹੀਂ। ਬੇ ਆਰਾਮੀ ਹੀ ਬਹੁਤ ਰਹੀ ਹੈ। ਪਰਸੋਂ ਜੀਵਨ ਨਗਰੋਂ ਹੋ ਕੇ ਆਇਆ ਸਾਂ। ਸਾਧ ਸੰਗਤ ਦਾ ਬਹੁਤ ਤਕੜਾ ਇਕੱਠ ਹੋ ਗਿਆ। ਮਨੀਰਾਮ ਬਾਰੇ ਕਹਿਣਾ ਸੀ। ਇਲਾਕੇ ਦੇ ਲੋਕਾਂ ਨੇ ਖੁਸ਼ੀ ਖੁਸ਼ੀ ਪਰਵਾਨ ਕੀਤਾ। ਉਗਰਾਹੀ ਵੀ ਕੁਛ ਆਖੀ, ਡੇਢ ਲੱਖ ਤਾਂ ਮੌਕੇ ਤੇ ਹੀ ਲਿਖਵਾ ਦਿੱਤੀ ਗਈ ਦੋ ਲੱਖ ਰੁਪੈ ਤੱਕ ਮਨੀ ਰਾਮ ਦੀ ਸਹਾਇਤਾ ਕਰ ਦਿਆਗੇ। ਉਮੀਦ ਤਾਂ ਬੜੀ ਹੈ ਸਤਿਗੁਰੂ ਕਿਰਪਾ ਕਰਨਗੇ।

ਇਸ ਦਾ ਮਤਲਬ ਏਹ ਹੋਇਆ ਕਿ ਸ੍ਰੀ ਮਨੀ ਰਾਮ ਕੇਹਰ ਵਾਲੇ ਨੂੰ ਪਹਿਲਾਂ ਤਾਂ ਅੰਦਰੋਂ ਜ਼ੋਰ ਦੇ ਕੇ ਨਾਮੀਨੇਟ ਕਰਵਾਇਆ ਗਿਆ ਹੈ ਤੇ ਹੁਣ ਜਿਤਾਉਣ ਕਈ ਵੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਸ੍ਰੀ ਸਤਿਗੁਰੂ ਜੀ ਨੇ ਦੱਸਿਆ- ਪਿਛਲੀ ਵਾਰ ਮਹਾਰਾਜ ਜੀ ਨੇ ਇਹਦੇ ਲਈ 30,000/- ਹੀ ਦਿੱਤਾ ਸੀ ਤੇ ਇਹ ਰਹਿ ਵੀ ਗਿਆ ਸੀ।

ਰਾਗੀਆਂ, ਗਾਇਕਾਂ ਬਾਰੇ ਮੈਂ ਜਾਣ ਕਾਰੀ ਚਾਹੀ ਤਾਂ ਸੇਵਕ ਬਲਦੇਵ ਸਿੰਘ ਨੇ ਦੱਸਿਆ- ਉਹ ਕੱਲ੍ਹ ਸਵੇਰੇ ਗੁਰੂ ਕੀ ਕਾਰ P.J.Q ਨੂੰ 1 ਵਿਚ ਚੱਲਣਗੇ ਤੇ ਕਾਰ ਦੁਆਰਾ ਹੀ ਫਾਰਮ ਤੇ ਪਹੁੰਚਣਗੇ। ਪੂਰਬੇ ਬਾਰੇ ਪਤਾ ਲੱਗਾ ਕਿ ਉਹ ਭੈਣੀ ਸਾਹਿਬ ਚਲਾ ਗਿਆ ਹੈ ਆਗਿਆ ਲੈ ਕੇ ਨਾਲ ਨਹੀਂ ਆਇਆ।

6 ਵਜੇ ਸਾਹਿਬ ਇਸ਼ਨਾਨ ਕਰਨ ਲਈ ਠਾਕੁਰ ਜੀ ਦੁਆਰਾ ਚਲਾਈ ਮਾਟਾਡੋਰ ਤੇ ਫਾਰਮ ਦੀ ਪਾਰਲੀ ਡਿੱਗੀ ਤੇ ਪਧਾਰੇ ਜਿਥੇ ਫੁੱਲ ਬੂਟਿਆਂ, ਗੁਲਾਬਾਂ ਨਾਲ ਆਪ ਜੀ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜੱਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

**ਅੰਤਿਕਾ—3**

**ਪਿਤਾ ਸ੍ਰੀ ਨੂੰ ਯਾਦ ਕਰਦਿਆਂ:**

## ਜਥੇਦਾਰ ਗੁਰਮੁਖ ਸਿੰਘ ਝੱਬਰ

ਚੇਤੇ ਦੇ ਘੁਸਮੁਸੇ ਹਨੇਰਿਆਂ ਵਿਚੋਂ ਜਿਹੜਾ ਬਿੰਬ ਉਭਰਦਾ ਹੈ ਉਹ ਬਾਪੂ ਜੀ ਦਾ ਹੈ ਜਦੋਂ ਉਹ ਆਪਣੀ ਉਮਰ ਦੇ ਸੱਠਵਿਆਂ ਦੇ ਤੀਜੇ ਚੌਥੇ ਵਰ੍ਹੇ ਵਿਚ ਸਨ, ਕਰੜ ਬਰੜੀ ਭਰਵੀਂ ਦਾੜ੍ਹੀ, ਗੋਰਾ ਨਿਛੋਹ ਰੰਗ, ਛੇ ਫੁੱਟ ਤੋਂ ਪੋਟਾ ਅੱਧਾ ਉੱਚਾ ਕੱਦ, ਸਰੀਰ ਛਾਂਟਿਆ ਹੋਇਆ ਅਤੇ ਫੁਰਤੀਲਾ। ਅੱਖਾਂ ਛੋਟੀਆਂ ਵੀ ਨਹੀਂ ਤੇ ਜਿਆਦਾ ਵੱਡੀਆਂ ਵੀ ਨਹੀਂ। ਤੱਕਣੀ ਇਹੋ ਜਿਹੀ ਕਿ ਅਗਲੇ ਦੇ ਧੁਰ ਅੰਦਰਲੇ ਤਕ ਡੂੰਘੀ ਲਹਿ ਜਾਣ ਵਾਲੀ। ਨੱਕ ਦੀ ਘੋੜੀ ਰਤਾ ਕੁ ਖੱਬੇ ਪਾਸੇ ਨੂੰ ਮੁੜੀ ਹੋਈ। ਮੱਥਾ ਚੌੜਾ। ਸਿਰ ਤੇ ਨਾਮਾਤਰ ਕੇਸਾਂ ਦਾ ਜੂੜਾ ਜਿਹਨਾਂ ਦਾ ਰੰਗ ਅੰਤ ਸਮੇਂ ਤੱਕ ਵੀ ਅੱਧਿਆਂ ਦਾ ਕਾਲਾ ਹੀ ਰਿਹਾ। ਜਦੋਂ ਉਹ ਚੌਂਕੀ ਤੇ ਬੈਠ ਕੇ ਇਸ਼ਨਾਨ ਕਰਦੇ ਸਨ ਤਾਂ ਉਸ ਸਮੇਂ ਉਹਨਾਂ ਦੀ ਸ਼ਕਲ, ਅੰਮ੍ਰਿਤਸਰ ਦੇ ਕੇਂਦਰੀ ਸਿੱਖ ਅਜਾਇਬ ਘਰ ਵਿਚ ਲੱਗੇ ਬੰਦ-ਬੰਦ ਕਟਵਾਉਣ ਵਾਲੇ ਭਾਈ ਮਨੀ ਸਿੰਘ ਦੇ ਚਿੱਤਰ ਨਾਲ ਮਿਲਣ ਦਾ ਭੁਲੇਖਾ ਪਾਉਂਦੀ ਸੀ। ਬਸਤਰਾਂ ਦੇ ਤੌਰ ਤੇ ਗਰਮੀਆਂ ਵਿਚ ਨਾਮਧਾਰੀ ਕਾਟ ਦਾ ਕੁੜਤਾ, ਸ਼ੁੱਧ ਖੱਦਰ ਦਾ ਅਤੇ ਕਛਹਿਰਾ। ਸਿਆਲ ਵਿਚ ਜਾਂ ਕਿਤੇ ਆਉਣ ਜਾਣ ਸਮੇਂ ਰੇਬ ਪਜਾਮਾ। ਦਸਤਾਰ ਸਮੇਤ ਬਾਕੀ ਬਸਤਰ ਸਦਾ ਹੀ ਚਿੱਟੇ ਰੰਗ ਦੇ ਹੁੰਦੇ ਸਿਵਾਏ ਕਿਸੇ ਇਕ ਅੱਧ ਗਰਮ ਸਿਆਲੂ ਪਹਿਰਾਵੇ ਦੇ। ਅੱਤ ਸਾਦਾ ਪਹਿਰਾਵੇ ਵਿਚ ਉਹਨਾਂ ਨੂੰ ਵੇਖਿਆ ਹੈ। ਪੈਰੀਂ ਸਦਾ ਹੀ ਚਮੜੇ ਦੀ ਦੇਸੀ ਜੁੱਤੀ ਹੁੰਦੀ। ਪਹਿਰਾਵੇ ਜਿਉਂ ਉਹਨਾਂ ਦੀ ਖ਼ੁਰਾਕ ਵੀ ਅੰਤ ਸਮੇਂ ਤੱਕ ਸ਼ੁੱਧ ਸਾਤਵਿਕ ਅਤੇ ਮੋਟੀ ਠੁੱਲ੍ਹੀ ਹੀ ਰਹੀ। ਵਿਅਸਨਾਂ ਅਤੇ ਵਿਅੰਜਨਾਂ ਤੋਂ ਉਮਰ ਭਰ ਦੂਰ ਰਹਿਣ ਵਾਲੇ ਸਾਡੇ ਬਾਪੂ ਜੀ ਨੂੰ ਨਾਮਧਾਰੀ ਜਗਤ ਵਿਚ ਜਥੇਦਾਰ ਗੁਰਮੁਖ ਸਿੰਘ ਝੱਬਰ'' ਦੇ ਨਾਉਂ ਨਾਲ ਜਾਣਿਆ ਜਾਂਦਾ ਹੈ।

ਪੁਸਤਕ ਸਾਂਦਲ ਬਾਰ ਦਾ ਇਤਿਹਾਸ -ਵਿਰਕ ਅਤੇ ਹੋਰ'' ਮੁਤਾਬਿਕ ਜੰਮੂ ਦੇ ਰਾਜੇ ਉਧਰ ਸੈਨ ਦੀ ਗੈਰ ਰਾਜਪੂਤ ਰਾਣੀ ਵਿਚੋਂ ਜੋ ਵਰਨ, ਧਰੰਗੜ ਅਤੇ ਵਿਰਕ ਤਿੰਨ ਪੁੱਤਰ ਬਾਰ੍ਹਵੀਂ ਸਦੀ ਈਸਵੀ ਵਿਚ ਹੋਏ ਉਹ ਜੰਮੂ ਤੋਂ ਹੇਠਾਂ ਉਤਰ ਕੇ ਗੁਜਰਾਂਵਾਲਾ, ਸ਼ੇਖੂਪੁਰਾ ਆਦਿ ਦੇ ਇਲਾਕੇ ਵਿਚ ਕੋਈ ਡੇਢ ਸੌ ਪਿੰਡਾਂ ਵਿਚ ਸਮਾਂ ਪਾ ਕੇ ਆਬਾਦ ਹੋ ਗਏ। ਇਹ ਇਲਾਕਾ ਆਪਣੀ ਰਾਜਪੂਤ ਬਰਾਦਰੀ ਦੀ ਤਾਕਤ ਨਾਲ ਉਹਨਾਂ ਭੱਟੀਆਂ ਤੋਂ ਖੋਹ ਲਿਆ ਸੀ। ਸਾਂਦਲ ਲੋਕ ਨਾਇਕ ਦੁੱਲੇ ਭੱਟੀ ਦਾ ਦਾਦਾ ਸੀ ਜਿਸ ਦੇ ਨਾਂ 'ਤੇ ਇਸ ਬਾਰ ਦਾ ਨਾਂ ਸਾਂਦਲ ਬਾਰ ਪਿਆ ਸੀ। ਕਾਲਾਂਤਰ ਵਿਚ ਤਿੰਨਾਂ ਭਰਾਵਾਂ ਵਿਚੋਂ ਪਰਾਕਰਮੀ ਵਿਰਕ ਦੀ ਉਲਾਦ ਹੀ ਕੌੜੀ ਵੇਲ ਜਿਉਂ ਵਧੀ। ਪੰਦਰਵੀਂ ਸਦੀ ਵਿਚ ਪਿੰਡ ਝੱਬਰ ਇਸੇ ਨਾਉਂ ਦੇ ਇਕ ਵਿਅਕਤੀ ਦੇ ਨਾਂ ਤੇ ਜੰਡਿਆਲਾ ਸ਼ੇਰ ਖ਼ਾਂ, ਵਰਨ, ਮਦਾਰ, ਸਮਸਾ ਆਦਿ ਪਿੰਡਾਂ ਦੇ ਕੋਲ ਆਬਾਦ ਹੋਇਆ। ਇਸ ਦੇ ਵੰਸ਼ਿਜ ਸਾਗਰ ਨੂੰ ਭੱਟੀਆਂ ਵਿਰੁਧ ਲੜਦਿਆਂ ਵੀਰਗਤੀ ਪ੍ਰਾਪਤ ਹੋਈ। ਸਾਗਰ ਤੋਂ ਉਸਦੇ ਨਾਂ ਦੀ ਪੱਤੀ ਝੱਬਰ ਪਿੰਡ ਵਿਚ ਚੱਲੀ। ਸਾਗਰ ਦੀ ਪੱਤੀ ਵਿਚੋਂ ਤਿੰਨ ਕੁ ਸਦੀਆਂ ਪਹਿਲਾਂ ਅਲੀ ਸ਼ੇਰ ਅਤੇ ਦਿਆਲ ਜਾਂ ਲਾਲ ਚੰਦ ਨਾਂ ਦੇ ਦੋ ਭਾਈ ਸਨ। ਮਗਰਲਾ ਜੋ ਕੁਆਰਾ ਸੀ ਉਸ ਤੋਂ ਕਤਲ ਹੋ ਗਿਆ ਤਾਂ ਵੱਡੇ ਭਾਈ ਅਲੀ ਸ਼ੇਰ ਨੇ (ਵਿਰਕਾਂ ਵਿਚ ਵੱਡੇ ਪੁੱਤਰ ਦਾ ਨਾਂ ਅਲੀ ਸ਼ੇਰ ਰੱਖਣ ਦਾ ਰਿਵਾਜ ਸੀ) ਛੋਟੇ ਦੀ ਜੜ੍ਹ ਤੋਰਨ ਲਈ ਇਕਬਾਲੀ ਹੋਕੇ ਫਾਂਸੀ ਕਬੂਲ ਲਈ। ਦਿਆਲ ਦੀ ਛੇਵੀਂ ਪੀੜ੍ਹੀ ਨਨਕਾਣਾ ਸਾਹਿਬ ਦੇ ਸਾਕੇ ਦਾ ਹੀਰੋ ਕਰਤਾਰ ਸਿੰਘ

ਝੱਬਰ ਸੀ। ਅਲੀ ਸ਼ੇਰ ਦੀ ਸਤਵੀਂ ਪੀੜ੍ਹੀ ਮੇਰਾ ਦਾਦਾ ਸੰਤ ਜਿਊਣ ਸਿੰਘ 'ਝੱਬਰ' ਸੀ। ਨਾਮਧਾਰੀਪੁਣਾ ਤਾਂ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਮੇਰੇ ਪੜਦਾਦੇ ਸਾਊਣ ਸਿੰਘ (ਸਰਕਾਰੀ ਕਾਗ਼ਜ਼ਾਂ ਵਿਚ ਸਾਵਣ ਸਿੰਘ) ਦੇ ਸਮੇਂ ਤੋਂ ਸਾਡੇ ਘਰ ਵਿਚ ਸੀ। ਦਾਦੇ ਜਿਊਣ ਸਿੰਘ ਨੇ ਅੱਧਾ ਮੁਰੱਬਾ ਉਪਜਾਊ ਭੋਇੰ ਵੇਚ ਕੇ ਘਰ ਦਾ ਭਾਂਡਾ ਟੀਂਡਾ, ਲੀੜਾ ਕੱਪੜਾ ਅਤੇ ਹੋਰ ਸਾਜ਼ ਸਮਾਨ ਵੀ ਉਗਰਾਹਿਆਂ ਦੇ ਗੱਡਿਆਂ ਤੇ ਲਦਵਾ ਕੇ ਭੈਣੀ ਸਾਹਿਬ ਭੇਜ ਦਿਤਾ ਪੈਲੀ ਦੀ ਕੀਮਤ ਗੁਰੂ ਕੇ ਲੰਗਰ ਵਿਚ ਪਾ ਦਿੱਤੀ ਅਤੇ ਆਪ ਵੀ ਆਪਣੀ ਉਮਰ ਦਾ ਜ਼ਿਆਦਾ ਹਿੱਸਾ ਉਸ ਸਮੇਂ ਦੀਆਂ ਨਾਮਧਾਰੀ ਸੰਤ ਮੰਡਲੀਆਂ ਨਾਲ ਭਰਮਣ ਕਰਦਿਆਂ ਜਾਂ ਸ੍ਰੀ ਭੈਣੀ ਸਾਹਿਬ ਵਿਖੇ ਗੁਰੂ ਹਰੀ ਸਿੰਘ ਜੀ ਦੀ ਸੰਗਤ ਵਿਚ ਬਤੀਤ ਕੀਤਾ। ਗੁਰੂ ਹਰੀ ਸਿੰਘ ਜੀ ਸ਼ਾਮ ਨੂੰ ਸਾਧਾਂ ਵਿਚ ਬਹਿ ਕੇ ਜੋਟੀਆਂ ਦੇ ਸ਼ਬਦ ਸੁਣਿਆ ਕਰਦੇ ਸਨ ਅਤੇ ਅਜਿਹੇ ਸਮੇਂ ਜਿਊਣ ਸਿੰਘ ਦੀ ਹਾਜ਼ਰੀ ਲਾਜ਼ਮੀ ਹੁੰਦੀ ਸੀ ਜੋ ਬਾਕੀ ਸਮਾਂ ਗੁਰਬਾਣੀ ਦੇ ਅਧਿਐਨ ਵਿਚ ਬਤੀਤ ਕਰਦੇ।

ਬਾਪੂ ਜੀ ਉਮਰ ਕਰਕੇ ਵੀਹਵੀਂ ਸਦੀ ਦੇ ਹਾਣੀ ਸਨ। ਉਹਨਾਂ ਦਾ ਜਨਮ 20 ਹਾੜ 1957 ਬਿਕ੍ਰਮੀ (1900 ਈ.) ਨੂੰ ਪਿੰਡ ਬੁੱਢਾ ਥੇਹ (ਨੇੜੇ ਉਮਰਪੁਰਾ) ਜ਼ਿਲ੍ਹਾ ਅੰਮ੍ਰਿਤਸਰ ਵਿਖੇ ਮਾਤਾ ਹਰ ਕੌਰ ਦੀ ਕੁੱਖੋਂ ਹੋਇਆ। ਮਾਤਾ ਦਾ ਪਿੰਡ ਸੇਖਮ ਘੁਮਾਣ ਅਤੇ ਜ਼ਿਲ੍ਹਾ ਗੁਜਰਾਂਵਾਲਾ ਜਾਂ ਸਿਆਲਕੋਟ ਸੀ। ਬਾਪੂ ਜੀ ਨੇ ਗੁਰੂ ਹਰੀ ਸਿੰਘ ਜੀ ਦੇ ਦਰਸ਼ਨ ਆਪ ਵੀ ਬਾਲ ਅਵਸਥਾ ਵਿਚ ਕੀਤੇ ਸਨ ਤੇ ਦੱਸਿਆ ਕਰਦੇ ਸਨ ਕਿ ਉਹ ਕਾਹਲੇ ਕਾਹਲੇ ਬਚਨ ਕਰਿਆ ਕਰਦੇ ਸਨ ਅਤੇ ਡੇਰੇ ਵਿਚ ਰਹਿਣ ਵਾਲੇ ਸਿੰਘਾਂ ਦੇ ਬੱਚਿਆਂ ਨਾਲ ਵਿਸ਼ੇਸ਼ ਸਨੇਹ ਪ੍ਰਗਟ ਕਰਿਆ ਕਰਦੇ ਸਨ। ਗੁਰੂ ਹਰੀ ਸਿੰਘ ਜੀ ਨਾਮਧਾਰੀ ਪੰਥ ਦੀ ਵਾਂਗ ਡੋਰ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੌਂਪ ਕੇ 1906 ਈਸਵੀ ਵਿਚ ਦੇਹ ਦਾ ਓਹਲਾ ਕਰ ਗਏ ਸਨ ਅਤੇ ਉਸੇ ਸਾਲ ਹੀ ਛੇ ਕੁ ਵਰ੍ਹਿਆਂ ਦੇ ਬਾਲ ਗੁਰਮੁਖ ਨੂੰ ਛੱਡ ਕੇ, ਦਾਦੀ ਜੀ ਵੀ ਅਕਾਲ ਚਲਾਣਾ ਕਰ ਗਏ ਸਨ।

ਦਾਦਾ ਜੀ ਦੇ ਤਿੰਨ ਅੰਤਰੰਗ ਮਿੱਤਰ ਸਨ। ਸ੍ਰੀ ਭੈਣੀ ਸਾਹਿਬ ਡੇਰੇ ਵਿਖੇ ਰਹਿਣ ਵਾਲੇ, ਗੁਰੂ ਹਰੀ ਸਿੰਘ ਜੀ ਦੇ ਉਗਰਾਹੀਏ ਅਤੇ ਉਨ੍ਹਾਂ ਦੇ ਮਹੰਤ ਬਾਬਾ ਸੁਰਜਨ ਸਿੰਘ ਤੇ ਬਾਬਾ ਵੀਰ ਸਿੰਘ ਦੋਵੇਂ ਪਿੰਡ ਭੋਮਾ ਵਡਾਲਾ ਤੇ ਬਾਬਾ ਸੰਤਾ ਸਿੰਘ ਘੁੱਕੇ ਵਾਲਾ ਤਿੰਨਾਂ ਦਾ ਹੀ ਜ਼ਿਲਾ ਅੰਮ੍ਰਿਤਸਰ ਸੀ। ਇਹਨਾਂ ਬਾਬਿਆਂ ਦੇ ਸਾਥ ਵਿਚ ਹੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਬਚਪਨ ਬਤੀਤ ਹੋਇਆ ਸੀ ਅਤੇ ਹੁਣ ਇਹਨਾਂ ਨੇ ਦਾਦਾ ਜੀ ਨੂੰ ਕਿਹਾ, ਜਿਊਣ ਸਿੰਘ ਜੀ ! ਤੁਸੀਂ ਜ਼ਿਆਦਾ ਬਿਹੰਗਮ ਅਵਸਥਾ ਵਿਚ ਵਿਚਰੇ ਹੋ। ਜੇ ਬੀਬੀ ਹਰ ਕੌਰ ਜਿਊਂਦੀ ਰਹਿੰਦੀ ਤਾਂ ਹੋਰ ਗੱਲ ਸੀ। ਅਸੀਂ ਸਮਝਦੇ ਹਾਂ ਕਿ ਗੁਰਮੁਖ ਸਿੰਘ ਨੂੰ ਤੁਸੀਂ ਸਾਨੂੰ ਸੌਂਪ ਦਿਓ। ਸਾਡੀਆਂ ਨਜ਼ਰਾਂ ਸਾਹਵੇਂ ਇਹਦੀ ਸਾਂਭ ਸੰਭਾਲ ਦੀ ਕੋਈ ਦਿੱਕਤ ਨਹੀਂ ਆਏਗੀ। " ਦਾਦਾ ਜੀ ਮੰਨ ਗਏ।

ਇਉਂ ਇਸ ਮਾਂ ਮਹਿੱਟਰ ਬਾਲ ਨੂੰ, ਤਿੰਨਾਂ ਬਾਬਿਆਂ ਨੇ ਕੁਕੜੀ ਜਿਉਂ ਆਪਣੇ ਖੰਭਾਂ ਹੇਠ ਲੈ ਲਿਆ। ਮਗਰਲੀ ਉਮਰ ਵਿਚ ਬਾਪੂ ਜੀ ਜਦੋਂ ਵੀ ਸਾਨੂੰ ਆਪਣੇ ਬਚਪਨ ਦੀਆਂ ਘਟਨਾਵਾਂ ਬਾਰੇ ਦੱਸਿਆ ਕਰਦੇ ਸਨ ਤਾਂ ਉਹਨਾਂ ਤਿੰਨਾਂ ਬਾਬਿਆਂ ਦੀ ਯਾਦ ਦੇ ਸਾਹਵੇਂ ਉਹਨਾਂ ਦਾ ਸਿਰ ਝੁਕ ਜਾਂਦਾ ਅਤੇ ਨੇਤਰ ਨਮ ਹੋ ਜਾਂਦੇ ਸਨ। ਉਹਨਾਂ ਨੂੰ ਤਿੰਨਾਂ ਬਾਬਿਆਂ ਦੇ ਰੂਪ ਵਿਚ ਇਕ ਟਕਸਾਲ ਪ੍ਰਾਪਤ ਹੋ ਗਈ ਸੀ, ਜਿਸ ਵਿਚੋਂ ਇਕ ਭਾਵੀ ਜੀਵਨ ਦੇ ਨੈਣ ਨਕਸ਼ ਘੜੇ ਜਾਣੇ ਸਨ, ਇਕ ਸ਼ਖ਼ਸੀਅਤ ਦੀ ਸਿਰਜਣਾ ਹੋਣੀ ਸੀ ਅਤੇ ਸੇਵਾ ਤਿਆਗ ਅਤੇ ਸਤਿਗੁਰੂ ਜੀ ਪ੍ਰਤੀ ਸਮਰਪਣ ਭਾਵ ਸਦਕਾ ਇਕ ਚਰਿਤਰ ਦਾ ਨਿਰਮਾਣ ਹੋਣਾ ਸੀ।

ਬਾਪੂ ਜੀ ਦੱਸਦੇ ਸਨ ਕਿ ਜਦੋਂ ਕਦੇ ਅੰਮ੍ਰਿਤਸਰ ਜਾਂ ਹੋਰ ਸ਼ਹਿਰਾਂ ਵਿਚੋਂ ਲੰਘਦੇ ਹੋਣਾ ਤਾਂ ਮੈਂ ਜੇ ਕਹਿਣਾ ਕਿ ਬਾਬਾ ਜੀ ਗੰਨਾ ਲੈਣਾ ਹੈ ਤਾਂ ਉਹਨਾਂ ਆਖਣਾ ਕਿ ਆਪਾਂ ਸ਼ਾਮ ਤੱਕ ਫਲਾਣੇ ਪਿੰਡ ਪੁੱਜ ਜਾਣਾ ਹੈ, ਜਿੰਨੇ ਮਰਜ਼ੀ ਗੰਨੇ ਚੂਪਣੇ। ਉਹਨਾਂ ਕਹਿਣਾ ਕਿ ਆਪਾਂ ਗੁਰੂ ਕੇ ਲੰਗਰ ਦੀ ਮਾਇਆ ਵਿਚੋਂ ਪੈਸਾ ਜਾਂ ਟਕਾ ਕਿਉਂ ਖ਼ਰਚੀਏ। ਇਸ ਗੱਲ ਦਾ ਐਨਾ ਲਾਭ ਹੋਇਆ ਕਿ ਸਾਰੀ ਉਮਰ ਬਿਨਾਂ ਅੱਤ ਲੋੜ ਤੋਂ ਉਹਨਾਂ ਪੈਸਾ ਨਹੀਂ ਖਰਚਿਆ ਸਗੋਂ ਕੁਝ ਨਾ ਕੁਝ ਹਿੱਸੇ ਠੇਕੇ ਜ਼ਮੀਨ ਦੀ ਮਾਇਆ ਨੂੰ ਔਖੇ ਸਮੇਂ ਲਈ ਬਚਾ ਕੇ ਰੱਖਿਆ। ਮਾਇਆ ਨੂੰ ਉਹ ਸੰਤਾਂ ਦੀ ਵੈਰਨ ਸਮਝਕੇ ਸਿਰਫ਼ ਗੁਰੂ ਕ੍ਰਿਪਾ ਦੀ ਪਰਾਪਤੀ ਨੂੰ ਹੀ ਜੀਵਨ ਮਨੋਰਥ ਸਮਝਦੇ ਸਨ। ਦਾਦਾ ਜੀ ਦੀ ਰੁਚੀ ਸੀ ਕਿ ਗੁਰਮੁਖ ਸਿੰਘ ਨੂੰ ਪਰੰਪਰਾਗਤ ਸਿੱਖ ਧਾਰਮਿਕ ਵਿਦਿਆ ਵਿਚ ਪਾਰੰਗਤ ਕੀਤਾ ਜਾਵੇ। ਇਸ ਲਈ ਉਹਨਾਂ ਨੂੰ 10-12 ਸਾਲਾਂ ਦੀ ਉਮਰ ਵਿਚ ਕਈ ਥਾਵਾਂ 'ਤੇ ਭੇਜਿਆ ਗਿਆ। ਸਿਆਲਕੋਟ ਜ਼ਿਲੇ ਵਿਚ ਦਾਤੇਵਾਲ ਸੰਤ ਮਤਾਬ ਸਿੰਘ ਹੋਰਾਂ ਪਾਸ ਛੱਡਿਆ ਗਿਆ ਜਿਹਨਾਂ ਦੀ ਤੂਤ ਦੀ ਛਿਟੀ ਪ੍ਰਸਿੱਧ ਸੀ। ਬ੍ਰਹਮ ਬੂਟੇ ਅਤੇ ਸੰਗਲਵਾਲੇ ਅਖਾੜੇ ਵਿਚ ਸ੍ਰੀ ਅੰਮ੍ਰਿਤਸਰ ਰਹੇ। ਇਥੇ ਉਦਾਸੀ ਸਾਧਾਂ ਨੇ ਉਹਨਾਂ ਦੀ ਪ੍ਰਤਿਭਾ ਨੂੰ ਪਛਾਣ ਕੇ ਕੋਠਾਰੀ ਬਨਾਉਣ ਦਾ ਲੋਭਨ ਵੀ ਦਿਤਾ ਸੀ। ਨਾਮਧਾਰੀ ਧਰਮਸ਼ਾਲਾ ਅੰਮ੍ਰਿਤਸਰ ਦੇ ਮਹੰਤ ਜਿਊਣ ਸਿੰਘ ਜੀ ਦਾਦਾ ਜੀ ਦੇ ਬੜੇ ਪਰਮ ਮਿੱਤਰ

ਸਨ। ਉਹਨਾਂ ਵੀ ਚਾਰਾ ਕੀਤਾ ਕਿ ਕਿਵੇਂ ਜਿਊਣ ਸਿੰਘ ਝੱਬਰ ਦੀ ਰੀਝ ਪੂਰੀ ਹੋਵੇ। ਕਈ ਥਾਵਾਂ ਤੋਂ ਨਿਰਾਸ ਹੋ ਕੇ ਦਾਦਾ ਜੀ ਨੇ ਇਹਨਾਂ ਨੂੰ ਗੁਰੂ ਕਾਂਸ਼ੀ ਦਮਦਮਾ ਸਾਹਿਬ ਵਿਖੇ ਛੱਡਿਆ ਕਿ ਇਥੇ ਤਾਂ ਬੈਲ ਪੜ੍ਹਨ ਦਾ ਵੀ ਗੁਰੂਕਿਆਂ ਦਾ ਬਚਨ ਹੈ। ਪਹਿਲੇ ਦਿਨ ਹੀ ਇਕ ਨਿਹੰਗ ਸਿੰਘ ਨਾਲ, ਸਤਿਗੁਰੂ ਪ੍ਰਤਾਪ ਸਿੰਘ ਦੀ ਸ਼ਾਨ ਦੇ ਖਿਲਾਫ਼ ਕੋਈ ਸ਼ਬਦ ਸੁਣਕੇ, ਜੁੰਡਿਉ ਜੁੰਡੀ ਹੋ ਗਏ। ਸਾਡੇ ਕੋੜਮੇ ਵਿਚੋਂ ਇਕ ਬਾਵਾ ਨਿਹਾਲ ਦਾਸ ਪ੍ਰਸਿੱਧ ਹਕੀਮ ਸੀ, ਜਿਸਨੂੰ ਲਾਟ ਸਾਹਿਬ ਦੀ ਘਰ ਵਾਲੀ ਦਾ ਕੋਈ ਅਸਾਧ ਰੋਗ ਦੂਰ ਕਰਨ ਸਦਕਾ, ਬਾਰ ਵਿਚ ਦੋ ਮੁਰੱਬੇ ਭੋਇੰ ਸਰਕਾਰ ਤੋਂ ਮਿਲੀ ਸੀ। ਉਹ ਚਾਹੁੰਦਾ ਸੀ ਕਿ ਗੁਰਮੁਖ ਸਿੰਘ ਮੇਰੇ ਕੋਲ ਰਹਿ ਕੇ ਵਿਦਿਆ ਪੜ੍ਹੇ, ਹਕੀਮੀ ਸਿੱਖੇ ਅਤੇ ਭੋਇੰ ਵੀ ਸਾਂਭੇ। ਪਰ ਉਥੋਂ ਵੀ ਥੋਹੜੇ ਚਿਰ ਬਾਦ ਆ ਗਏ। ਦਾਦਾ ਜੀ ਦੀ ਨਿਰਾਸਤਾ ਨੂੰ ਭਾਂਪਦਿਆਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਬਚਨ ਕੀਤਾ, "ਸੰਤ ਜਿਊਣ ਸਿੰਘ ਜੀ, ਗੁਰਮੁਖ ਦੇ ਪੜ੍ਹਨ ਵਿਚ ਰੁਚੀ ਨਾ ਲੈਣ ਸਦਕਾ ਪ੍ਰੇਸ਼ਾਨ ਨਾ ਹੋਵੋ। ਇਹਨੇ ਜਿਹੜੀ ਪੜ੍ਹਾਈ ਪੜ੍ਹਨੀ ਹੈ, ਉਹ ਮੈਂ ਜਾਣਦਾ ਹਾਂ, ਇਹਦੀ ਪੜ੍ਹਾਈ ਗੁਰੂ ਘਰ ਦੀ ਸੇਵਾ ਹੈ ਅਤੇ ਇਸ ਪੜ੍ਹਾਈ ਵਿਚ ਇਹ ਸਭ ਨੂੰ ਪਿੱਛੇ ਛੱਡ ਜਾਏਗਾ।"

ਹੁਣ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੀ ਛਤਰ ਛਾਇਆ ਹੇਠ ਲੈ ਕੇ ਅਗਲੇ ਜੀਵਨ ਨੂੰ ਤਰਤੀਬ ਦੇਣੀ ਸ਼ੁਰੂ ਕਰ ਦਿਤੀ। ਸਤਿਗੁਰੂ ਜੀ ਨੂੰ ਅੰਤ ਸਮੇਂ ਜਦੋਂ ਦਾਦਾ ਜੀ ਨੇ ਬਾਪੂ ਜੀ ਦੀ ਬਾਂਹ ਫੜਾਈ ਸੀ ਉਦੋਂ ਇਹ 16-17 ਸਾਲਾਂ ਦੇ ਸਨ, ਇਹ ਅਰਜ਼ ਕੀਤੀ ਸੀ ਕਿ ਜਾਂ ਤਾਂ ਇਹ ਆਪ ਦੇ ਪਾਸ ਰਵੇ, ਤੁਹਾਡੀ ਨਿਗਰਾਨੀ ਹੇਠ ਨਹੀਂ ਫਿਰ ਆਪਣੇ ਪਿੰਡ ਝੱਬਰੀਂ ਚਲਿਆ ਜਾਵੇ। ਇਕ ਗੱਲ ਜੋ ਦਾਦਾ ਜੀ ਦੇ ਮਨ ਵਿਚ ਸੀ ਪਰ ਕਹਿਣ ਤੋਂ ਝਿਜਕ ਰਹੇ ਸਨ ਉਹਨੂੰ ਭਾਂਪਦਿਆਂ ਸਤਿਗੁਰੂ ਜੀ ਨੇ ਕਿਹਾ ਸੀ ਕਿ ਇਹਦੇ ਵਿਆਹ ਦੀ ਚਿੰਤਾ ਨਾ ਰੱਖਿਓ ਮਨ ਵਿਚ: ਇਕ ਛੱਡ ਕੇ ਦੋ ਕਰ ਦਿਆਂਗਾ। ਸਾਡੀ ਪਹਿਲੀ ਮਾਤਾ ਹਰਬੰਸ ਕੌਰ ਪੁੱਤਰੀ ਸੰਤ ਗੰਡਾ ਸਿੰਘ ਖਿਆਲ੍ਹਾ ਦੇ ਸੁਰਗਵਾਸ ਹੋਣ ਬਾਅਦ ਦੂਜਾ ਅਨੰਦ ਵੀ ਸ੍ਰ. ਸ਼ਾਮ ਸਿੰਘ ਸਿਰਹਾਲੀ ਵਾਲੇ ਦੀ ਪੜੋਤਰੀ ਅਤੇ ਸੰਤ ਆਤਮਾ ਸਿੰਘ ਬੁਰਜ ਰਾਇਕੇ ਦੀ ਪੁੱਤਰੀ ਪ੍ਰੀਤਮ ਕੌਰ ਨਾਲ ਸ੍ਰੀ ਸਤਿਗੁਰੂ ਜੀ ਨੇ ਹੀ ਕਰਵਾਇਆ।

ਬਾਪੂ ਜੀ ਦੱਸਿਆ ਕਰਦੇ ਸਨ ਕਿ ਉਹ ਸਿਪਾਹੀ ਤੋਂ ਤੁਰ ਕੇ, ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਕ੍ਰਿਪਾ ਨਾਲ, ਜਰਨੈਲ ਬਣੇ ਸਨ। ਇਸ ਲਈ ਉਹਨਾਂ ਨੂੰ ਕਿਸੇ ਵੀ ਸਟੇਜ ਤੇ ਆਪਣੇ ਕੰਮ ਵਿਚ ਕੋਈ ਦਿੱਕਤ ਨਹੀਂ ਸੀ ਆਈ। ਸਭ ਤੋਂ ਪਹਿਲਾਂ ਮਹਾਰਾਜ ਗੁਰਦਿਆਲ ਸਿੰਘ ਜੀ ਦੇ ਦੋ ਕੁੱਤੇ ਸਨ, ਉਹ ਸਾਂਭਣ ਦੀ ਸੇਵਾ ਇਹਨਾਂ ਨੂੰ ਮਿਲੀ। ਫਿਰ ਭੇਡਾਂ ਬੱਕਰੀਆਂ ਦੀ ਜ਼ਿੰਮੇਵਾਰੀ ਸੌਂਪੀ ਗਈ, ਜਿਸ ਕੰਮ ਨੂੰ ਸੱਯਦ ਵਾਰਿਸ ਸ਼ਾਹ ਹੋਰਾਂ ਬਹੁਤ ਵਡਿਆਇਆ ਹੈ:

"ਅੱਜੜ ਚਾਰਨਾ ਕੰਮ ਪੈਗ਼ੰਬਰਾਂ ਦਾ,<br>
ਕੇਹਾ ਅਮਲ ਸ਼ੈਤਾਨ ਦਾ ਟੋਲਿਓ ਈ।<br>
ਭੇਡਾਂ ਚਾਰਕੇ ਤੁਹਮਤਾਂ ਜੋੜਨਾ ਏਂ,<br>
ਕਿਉਂ ਗਜ਼ਬ ਫ਼ਕੀਰ ਤੇ ਤੋਲਿਓ ਈ।"

ਇਸ ਤੋਂ ਬਾਦ ਮੱਝਾਂ ਗਾਈਆਂ ਦੀ ਸੇਵਾ ਲਾਈ ਗਈ। ਫਿਰ ਊਠਾਂ ਦਾ ਮਹੰਤ ਥਾਪ ਦਿਤਾ ਅਤੇ ਗੁਰੂ ਕੇ ਲੰਗਰ ਲਈ ਉਗਰਾਹੀ ਕਰਦੇ ਰਹੇ। ਇਸ ਤੋਂ ਅਗਲਾ ਪੜਾਅ ਘੋੜਿਆਂ ਦਾ ਦਰੋਗਾ ਬਣਾਇਆ ਜਾਣਾ ਸੀ। ਉਮਰ ਦੇ ਤੀਹਵੇਂ ਵਰ੍ਹੇ ਵਿਚ ਸਨ, ਜਦੋਂ ਮਾਤਾ ਜੀਊਣ ਕੌਰ ਜੀ ਨਾਲ ਸਲਾਹ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਉਹਨਾਂ ਨੂੰ ਡੇਰਾ ਸ੍ਰੀ ਭੈਣੀ ਸਾਹਿਬ ਦੀ ਜਥੇਦਾਰੀ ਸੌਂਪ ਦਿਤੀ।

ਉਹ ਅਜੇ ਜਥੇਦਾਰ ਨਹੀਂ ਬਣੇ ਸਨ, ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਪ੍ਰਸਿੱਧ ਸਿੱਖ ਲਾਲ ਸਿੰਘ ਲਤਾਲੀਏ ਦੀ ਪਾਰਖੂ ਅੱਖ ਨੇ ਇਸ ਉਤਸ਼ਾਹੀ ਨੌਜੁਆਨ ਦੇ ਭਵਿੱਖ ਨੂੰ ਤਾੜ ਲਿਆ ਸੀ। ਅਤੇ ਬਾਬੇ ਲਾਲ ਸਿੰਘ ਹੋਰਾਂ ਇਹ ਰਹੱਸ ਯੁਵਾ ਝੱਬਰ ਨਾਲ ਸਾਂਝਾ ਕਰਦਿਆਂ ਕਿਹਾ ਸੀ, "ਕਾਕਾ, ਸਮਾਂ ਆਇਗਾ, ਜਦੋਂ ਇਸ ਡੇਰੇ ਦੀ ਮੁਖ਼ਤਿਆਰੀ ਤੈਨੂੰ ਸੌਂਪੀ ਜਾਏਗੀ। ਇਕ ਗੱਲ ਮੇਰੀ ਹੁਣੇ ਪੱਲੇ ਬੰਨ੍ਹ ਲਵੀਂ, ਜਦੋਂ ਇਸ ਜ਼ਿੰਮੇਵਾਰੀ ਤੇ ਪੁੱਜ ਜਾਵੇ ਤਾਂ ਕਿਸੇ ਵੀ ਸਿੱਖ ਨੂੰ ਗੁਰੂ ਘਰ ਨਾਲੋਂ ਤੋੜਨ ਵਿਚ ਹਿੱਸਾ ਨਾ ਪਾਵੀਂ। ਜੋੜਨ ਦੀ ਕੋਸ਼ਿਸ਼ ਕਰੀਂ।"

ਮੈਨੂੰ ਓਟੂ, ਜ਼ਿਲ੍ਹਾ ਸਿਰਸਾ, ਵਿਖੇ ਰਹਿਣ ਵਾਲੇ ਭਾਈ ਸੁਵਰਨ ਸਿੰਘ ਹੋਰਾਂ ਨੇ ਇਹ ਬਚਨ ਬੜੀ ਵੇਰ ਸੁਣਾਇਆ ਹੈ। ਉਹਨਾਂ ਦਾ ਪਿੱਛਾ ਪਿੰਡ ਸੁਰ ਸਿੰਘ ਦਾ ਹੈ ਪਰ ਉਹਨਾਂ ਦੇ ਪਿਤਾ ਭਾਈ ਮਹਿਲ ਸਿੰਘ ਜਮਸ਼ੇਰ ਜ਼ਿਲ੍ਹਾ ਲਾਹੌਰ ਵਿਖੇ ਰਹਿੰਦੇ ਰਹੇ।

**ਚਲਦਾ...**

# The Second Arrow of Suffering



**Alla Singh**
**9971846875**

Human suffering is one of the oldest subjects of philosophy, religion and psychology. Every civilization has attempted to answer the same fundamental question: Why do human beings continue to suffer long after the painful event itself has passed?

More than 2,500 years ago, the Buddha offered a profound explanation through the teaching known as the "Second Arrow." According to this teaching, when a person experiences a painful event, they are struck by the first arrow. This arrow represents unavoidable pain the pain of loss, failure, illness, rejection, betrayal, aging, or death. However, after being struck by the first arrow, most people unconsciously fire a second arrow into themselves. This second arrow consists of mental resistance, rumination, resentment, self-pity, blame, fear and endless storytelling about what happened.

The first arrow causes pain.

The second arrow transforms pain into prolonged suffering.

What is remarkable is that modern psychology, cognitive neuroscience and behavioral science increasingly support this ancient insight. Research now suggests that a significant portion of emotional suffering originates not from external events them selves but from the narratives, interpretations and identities that emerge around those events.

The Second Arrow therefore represents one of the most important psychological concepts for understanding both human misery and human freedom.

Understanding the First and Second Arrow

Imagine two individuals experiencing the same setback. Both lose an important opportunity. Both feel disappointed. Both experience the initial sting of failure.

The first individual acknowledges the pain, grieves, learns from the experience and gradually moves forward.

The second individual repeatedly replays the event in their mind. They wonder why life is unfair. They compare themselves with others. They imagine how different things could have been. They develop anger toward circumstances and resentment toward those they perceive as responsible. Months later, the event continues to dominate their thoughts.

The objective event was identical.

The psychological consequences were

radically different.

This difference illustrates the distinction between pain and suffering. Pain is the direct consequence of reality. Suffering is often the consequence of our relationship with reality.

Modern cognitive psychology echoes this distinction. Events do not automatically determine emotional outcomes. Instead, emotional outcomes are shaped largely by interpretation. Two people may encounter the same challenge, yet their internal narratives create entirely different psychological realities.

The second arrow is therefore not merely a Buddhist metaphor. It is a description of how the human mind amplifies suffering through its own cognitive processes.

Why the Human Mind Creates the Second Arrow

From an evolutionary perspective, the human brain was never designed primarily for happiness. It was designed for survival.

For millions of years, organisms that paid close attention to threats survived more effectively than organisms that ignored danger. As a result, the modern brain possesses a powerful negativity bias. We notice criticism more than praise, remember failures more vividly than successes and often anticipate danger even in relatively safe environments.

This bias becomes the psychological foundation of the second arrow.

A single criticism can occupy the mind for weeks. A minor rejection can trigger fears of future abandonment. An isolated failure can become evidence of permanent inadequacy.

The brain continuously searches for explanations because uncertainty feels threatening. Unfortunately, in its attempt to create certainty, the mind often manufactures stories that intensify suffering.

The event itself may have lasted minutes.

The mental replay may continue for years.

The Seductive Nature of Victimhood

One of the most fascinating aspects of the second arrow is its connection to victimhood.

To understand this clearly, an important distinction must be made. Being a victim and having a victim identity are not the same thing.

Many people genuinely experience injustice, abuse, neglect, discrimination, betrayal, or trauma. Recognizing these realities is necessary and morally important. Denying genuine suffering helps nobody.

The problem emerges when suffering evolves into identity.

At some point, the individual no longer merely remembers the wound; they begin organizing their entire sense of self around it.

Their life story becomes centered upon who hurt them, who failed them, what opportunities they were denied and why they cannot move forward. Gradually, suffering ceases to be an experience and becomes a personal identity.

The victim identity can be surprisingly attractive because it offers psychological

certainty. It explains failures, justifies stagnation, attracts sympathy and relieves individuals from confronting difficult questions about change and responsibility.

This does not happen consciously.

Most individuals are completely unaware that they have become emotionally attached to their suffering.

The Hidden Rewards of the Victim Card

Human beings rarely maintain behaviors that provide no benefit. Even painful psychological patterns often persist because they offer hidden rewards.

Victimhood can provide protection from uncertainty. If every setback is explained by external circumstances, then one never has to confront personal limitations or difficult choices. Victimhood can also generate social support. Communities often rally around those who have suffered, providing validation, sympathy and emotional attention.

There is also a deeper psychological reward. The victim position often grants moral innocence. If all problems are caused by others, then the self remains untouched by responsibility.

Responsibility can be frightening because it demands action. Victimhood can feel safer because it demands only explanation.

This is one reason why people sometimes become trapped in narratives of grievance. The narrative may be painful, but it has become psychologically familiar. The unknown future appears more threatening than the familiar suffering of the past.

Learned Helplessness: When the Second Arrow Becomes a Way of Life

One of the most important psychological theories related to victimhood is learned helplessness.

Psychologist Martin Seligman demonstrated that when individuals repeatedly experience situations in which their actions appear ineffective, they may eventually stop trying altogether. Even when opportunities for improvement later emerge, they often remain passive because they have internalized the belief that effort is futile.

This phenomenon is not merely academic.

It can be observed in workplaces, relationships, educational settings and even entire societies. People gradually conclude that nothing they do matters. Once this belief takes root, motivation collapses.

The tragedy of learned helplessness is that it transforms temporary adversity into a permanent worldview.

The person is no longer imprisoned by circumstances.

They are imprisoned by expectations.

The second arrow has become embedded in their perception of reality.

Rumination: The Engine of Psychological Suffering

At the heart of the second arrow lies rumination.

Rumination is the repetitive, cyclical revisiting of painful thoughts, memories and emotions. It often disguises itself as problem-solving. People believe they are analyzing the issue in order to find answers. In reality, they

are often strengthening neural pathways associated with distress.

Every replay of the story deepens the emotional groove. Every recollection reactivates the wound.

Every repetition strengthens the identity connected to the suffering.

Neuroscientific studies increasingly suggest that repeated mental rehearsal can maintain stress responses long after external threats have disappeared. In effect, the body continues responding to remembered danger as if it were present danger.

The event ends.

The nervous system does not.

This is one of the primary mechanisms through which the second arrow prolongs suffering.

Social Media and the Industrialization of Victimhood

The digital age has introduced a new dimension to the second arrow.

Modern platforms reward emotional intensity. Outrage spreads faster than nuance. Grievance attracts more attention than gratitude. Public declarations of suffering often receive immediate validation.

This does not mean suffering is fabricated. Rather, it means social environments increasingly incentivize identification with suffering.

Algorithms cannot distinguish between healing and rehearsing.

They simply reward engagement.

As a result, many individuals repeatedly revisit injuries, injustices and grievances in public spaces, unintentionally strengthening the psychological structures that maintain suffering.

A wound that might once have healed naturally becomes continuously reopened through repetition and reinforcement.

How to Overcome the Second Arrow

The path beyond the second arrow begins with a radical realization:

Pain and suffering are not identical.

Pain is what happens to us.

Suffering is often what happens within us afterward.

This insight is not an invitation to suppress emotions. It is not a demand for forced positivity. Nor does it imply that genuine injustices should be ignored.

Instead, it asks a simple question:

“What am I adding to the pain?”

Most people discover that they are adding fear, resistance, resentment, self-judgment, catastrophic thinking and stories about permanence.

The first step toward freedom is learning to observe these mental additions.

The second step is acceptance. Acceptance does not mean approval. It simply means acknowledging reality without fighting it. Psychological research consistently shows that resisting painful emotions often intensifies them, whereas accepting them allows them to pass more naturally through awareness.

The third step involves reclaiming agency. Agency emerges when attention shifts from blame to action. The crucial question is

no longer “Why did this happen?” but rather “What can I do now?”

This shift appears small but is psychologically transformative. Victimhood focuses attention on causes. Agency focuses attention on possibilities.

The fourth step involves cultivating self-awareness through practices such as mindfulness and meditation. These practices help individuals observe thoughts without automatically believing them. The mind continues generating stories, but one gradually learns that thoughts are events in consciousness rather than objective truths.

Finally, meaning-making becomes essential. The most resilient individuals are not those who avoid suffering. They are those who transform suffering into wisdom, compassion, purpose, or growth.

They do not ask, “Why me?”

They ask, “What can this teach me?”

This question converts suffering from a prison into a teacher.

The Difference Between Victimhood and Responsibility

One of the greatest misconceptions surrounding personal growth is the belief that responsibility means self-blame.

In reality, responsibility and blame are fundamentally different.

Blame is concerned with fault.

Responsibility is concerned with response.

Blame keeps attention fixed on the past.

Responsibility directs attention toward the future.

A person may be entirely innocent regarding what happened to them and yet remain responsible for what happens next.

This distinction represents the psychological crossing point between victimhood and empowerment.

**Conclusion**

The teaching of the Second Arrow remains remarkably relevant in the modern world because it describes a timeless feature of human psychology. While external events undoubtedly cause pain, much of prolonged suffering emerges from the mind's attempts to resist, interpret and personalize those events.

The victim mentality, learned helplessness, rumination and grievance-based identities can all be understood as manifestations of the second arrow. They represent the tendency of the human mind to convert temporary pain into enduring psychological suffering.

The path to freedom does not require eliminating pain. Such a goal is impossible. Rather, freedom emerges when individuals learn to stop multiplying pain through resistance, resentment and identification with their wounds.

The first arrow may be unavoidable.

The second arrow is a choice repeatedly made by the mind.

Wisdom consists in recognizing that choice and courage consists in refusing to make it.

........................................................

# MURDER OF BEEF BUTCHERS

# BY KUKAS



**Edited by: Dr. Gurdev Singh Sidhu**
9417049417

84. **The fact of Jai Ram having been ill-treated doubtful.**

I am further of opinion, after a considerable amount of examination of the case, that it is quite a balanced point as to whether there was any barbarous action at all on the part of the Police in Jai Ram's case.

85. The evidence extant with regard to this (and no new evidence would be in the least trustworthy) is as follows:-

**Grounds for supposing that he was ill-treated.** For the fact that he was ill-treated, Jai Ram's own assertion, and I would add the popular belief, based, I think, chiefly on the fact that he being a quiet citizen gave false evidence which might have brought any number of men to the gallows.

**Against the above-asserted fact. Grounds for doubting it.** --There are the statements of Munna Singh, Sunth Singh and others of the prosecutors recorded in two courts of justice, coupled with the independent testimony of men like Nehal Singh, Gurmukh Singh and Khiwan Singh, dependents of Khan Muhammad Shah, to the effect that Jai Ram was seen by them at Sardar Bhugwan Singh's house associated with the other informers and engaged, as a man would be who had undertaken to prove a case of his own free will, and these statements accord with Mr. Christie's assurance to me that Jai Ram was treated with consideration throughout.

86. **Jai Ram contentedly working to gather evidence in company with Hira and Aya opposed to the character of his assertions.**

It may be suggested that when the witnesses in question saw Jai Ram hand in glove with the other informers, it may have been after he had been through a period of mal-treatment, and when in fact he had given in; but this would be quite opposed to the tenor of Jai Ram's assertions, which represent that he was under bodily fear and rigorous restraint up to the moment of his giving his evidence.

87. On all the above grounds I feel certain that the attempt to ascertain the rights of these points now would be attended with no reliable success.

88. **Opinion against trying Jai Ram in a**

**nominal way when assured of pardon.**

I have in a previous communication, viz., my letter No. 766, of the 16th of April, and enclosures, described the grounds on which I was of opinion that it would not be proper to try Jai Ram on the original charge after it was known that a promise of pardon had been made to him.

89. **Jai Ram promised pardon.**

Major Davies has described the grounds on which he gave this promise of pardon. It became an object, when the Raikot murderers had made revelations, to get the unfortunate men who had been falsely accused at Amritsar released as quickly as possible.

**Jai Ram's withdrawing his statements enabled the Sessions Judge to close the case at once.**

Nothing would clear the way for this so effectually as the retraction by the informers of the false evidence they had given, and thus when Jai Ram declared his whole statement to be false, the Sessions Judge was enabled to close the case and release the accused without hesitation or doubt.

I fear this report has reached a great length, but I trust it will be found of use whether Government concurs in the main recommendation it contains or adopts a different course.

In my printed memorandum and this letter I have done my best to put the matter as it stands clearly before Government, and this will, I trust, facilitate a final decision in the case.

No. 2475, dated Lahore, 1st July 1874.

From - C. M. RIVAZ, Esq., Offg. Secretary to Government, Punjab.

To - The offg. Secretary to Government of India, Home Department.

WITH reference to the confidential despatch from the Home Department, No. 2, dated 2nd October 1872, calling for further report on the conduct of Jai Ram in connection with the butcher murder case at Amritsar and the part played by the police in the matter, I am desired by the Hon'ble the Lieutenant-Governor to forward, for the information of the Government of India, copies of the papers marginally noted*

(*Memorandum by the Sessions Judge, Amritsar Division, on the case Crown v. Jhundah Singh and others, dated 2nd August 1873.

Letter No. 1043, dated 26th May 1874, from Major-General Taylor, Commissioner and Superintendent, Amritsar Division.), which give a full report of the proceedings taken in this case.

2. His Honor, I am to state, entirely concurs in the conclusions arrived at by the Commissioner. The opportunity given to the parties falsely accused of the murders to prosecute the informers was made use of only partially and in the most dilatory manner; and no dependence can, in the Lieutenant-Governor's opinion, be placed on any evidence that might now be produced, whilst Jai Ram's own allegations on the subject of the treatment he experienced are clearly false.

3. With reference to the remarks in para. 2 of the above despatch, I am to observe that the late Commissioner of Amritsar (Major Davies) omitted to give his reasons for exempting Jai Ram from trial for perjury, and this error led the Chief Court to cancel the order of exemption, and caused much delay in the decision of the question whether further enquiry into the conduct of the police was necessary or not. The Lieutenant-Governor considers, however, that this exemption was, under the circumstances then existing, judicious, inasmuch as it led to the immediate acquittal and release of the men falsely accused, and to the appeasement of the irritation and excitement prevailing among Hindus of Amritsar.

4. His Honor agrees in the opinion expressed in para. 30 of Major-General Taylor's letter of the 26th May, that the statement of Aya regarding his mal-treatment by the police is totally unworthy of credit.

5. The Lieutenant-Governor is, on political grounds, strongly averse to any further direct enquiry into the conduct of the police. The effect of the beef riots in 1871, and of the subsequent outrages committed by the Kukas, was to raise a violent feud between the great bodies of the Hindus and Muhammadans.

At present this is apparently dormant, but an investigation necessarily extending to the actions and proceedings of influential members of both societies could not, in His Honor's opinion, be entered upon by authority without reviving all the bad feeling, mutual suspicion and intrigues which for a time have ceased. Other evidence fully confirms General Taylor's report that any such enquiry is deprecated by local opinion as both useless and mischievous.

6. It is true, I am to observe, that Mr. Christie, though an officer specially deputed to trace out the perpetrators of the butcher murders on account of his detective ability, was, together with his departmental subordinates, completely deceived. There is not, however, any evidence to show that he or they subjected either the informers or Jai Ram to improper duress, although they must, it may be conjectured, have pressed upon the latter the convictions they had arrived at and to which they so blindly adhered.

But the police officials were not more widely misled than was Rai Mul Singh, one of the most experienced and able native gentlemen in the Punjab, or than Mr. Christie's own superior officer and the judicial officers to whom the case was submitted; and while nothing has come out in any way leading to a suspicion of Mr. Christie's good faith in the conduct of his investigation, there is, in the Lieutenant-Governor's opinion, a preponderant probability that Jai Ram had so committed himself in the riots and intrigues prior to the murders as to render him an easy subject of intimidation to the informers who accused him.

He seems to have felt that he was placed by his previous acts in a dangerous dilemma, from which he saw no escape but in corroborating the story of these men, and

making the false confession by which the local officers were deceived; and, although this confession was absolutely false in so far as it accused certain persons of the actual perpetration of the murders, some parts of it, declaring them privy to consultations openly compassing the murder of the butchers, were not met at the time by those persons with a direct denial.

7. The acceptance of Mr. Christie's preferred resignation of his appointment was postponed pending the issue of Jai Ram's trial, since quashed. He has now expressed a desire to be allowed to withdraw that resignation, and will therefore be permitted to return to duty.

P. S.-I am to add that under the orders issued in this case by His Honor, the right of Jai Ram to prosecute the police on his own account will not be affected, and the Commissioner will be desired to cause official intimation of this to be conveyed to him.

—

No. 2470.

COPY forwarded to Inspector-General of Police, Punjab, for information and guidance.

—

No. 2477.

Copy forwarded to Commissioner and Superintendent, Amritsar Division, for information, with the Hon'ble the Lieutenant-Governor's thanks for the careful report he has submitted in this case.

***

## ਸ਼ਹੀਦੀ ਵਿਰਸਾ

ਬੈਠਣ ਤੱਤੀ ਤਵੀ ਤੇ ਉਪਰੋਂ ਰੇਤ ਸੜ੍ਹਦੀ,
ਤਾਂ ਵੀ ਭਾਣਾ ਮਿੱਠਾ ਕਰਤਾਰ ਦਾ ਉਚਾਰ ਜਾਂਦੇ।
ਕਰਨ ਲਈ ਦੀਨ ਜੰਜੂ ਦੀ ਰਾਖੀ,
ਸੀਸ ਦੇਣ ਲਈ ਦਿੱਲੀ ਦਰਬਾਰ ਜਾਂਦੇ।
ਮਜ਼ਬ/ਕੌਮ ਦੀ ਆਣ ਤੇ ਸ਼ਾਨ ਖਾਤਰ,
ਲੜਦੇ ਲੜਦੇ ਹੀ ਆਪਾ ਵਾਰ ਜਾਂਦੇ।
ਇੱਟਾਂ ਪੱਥਰਾਂ ਦੀ ਥਾਂ ਆਪਣਾ ਤਨ ਰੱਖਕੇ,
ਲਾਸਾਨੀ ਇਤਿਹਾਸ ਦੀ ਬਣ ਦੀਵਾਰ ਜਾਂਦੇ।
ਕੋਈ ਓਸ ਦਾ ਸਾਨੀ ਨਹੀਂ ਬਣ ਸਕਦਾ,
ਜੋ ਸਰਬੰਸ ਹੀ ਧਰਮ ਤੋਂ ਵਾਰ ਜਾਂਦੇ।
ਟੋਟਾ ਟੋਟਾ ਕਰਾ ਸਰੀਰ ਆਪਣੇ ਦਾ,
ਨਿਭਾ ਸੱਚ ਦੇ ਨਾਲ ਪਿਆਰ ਜਾਂਦੇ।
ਖੋਪੜੀ ਲੁਹਾ ਉਬਲ ਦੇ ਪਾਣੀਆਂ ਵਿਚ ਰਿੱਝ ਕੇ,
ਏਸ ਸਿੱਖੀ ਦਾ ਬਣ ਮੀਨਾਰ ਜਾਂਦੇ।
ਗਊ ਗਰੀਬ ਦੇ ਕਾਤਲਾਂ ਨੂੰ ਵੱਢਕੇ,
ਫਾਂਸੀ ਦੇ ਰੱਸੇ ਨੂੰ ਸਮਝ ਗਲ ਹਾਰ ਜਾਂਦੇ।
ਗੁਲਾਮੀ ਦੀਆਂ ਜੰਜੀਰਾਂ ਨੂੰ ਕੱਟਣੇ ਲਈ,
ਸਾਹਮਣੇ ਤੋਪਾਂ ਦੇ ਤਨ ਖਲ੍ਹਾਰ ਜਾਂਦੇ।
ਤਪਦੇ ਥਲਾਂ ਤੇ ਬਰਫਾਂ ਵਿਚ ਖੜ੍ਹਕੇ,
ਸਾਹਮਣੇ ਵੈਰੀ ਦੇ ਸੀਨਾ ਤਾਣ ਜਾਂਦੇ।
ਜਦ ਕਿਤੇ ਵੀ ਤਿਰੰਗੇ ਨੂੰ ਆਂਚ ਆਵੇ,
ਹੱਸਦੇ ਹੱਸਦੇ ਹੀ ਵਾਰ ਜਾਨ ਜਾਂਦੇ।
ਸ਼ਹੀਦ ਮਰਜੀਵੜੇ ਕੌਮਾਂ ਦੇ ਥੰਮ ਹੁੰਦੇ,
ਜੋ ਆਪਾ ਲੋਕਾਈ ਲਈ ਵਾਰ ਜਾਂਦੇ।
ਸ਼ਹੀਦ ਹੁੰਦੇ ਅਸਮਾਨੀ ਧਰੂ ਵਾਂਗੂੰ,
ਕੌਮੀ ਇਤਿਹਾਸ ਦਾ ਬਣ ਸ਼ਿੰਗਾਰ ਜਾਂਦੇ।
ਕਹੇ ਕੰਗ ਨਾ ਭੁੱਲਿਓ ਸ਼ਹੀਦ ਪਰਵਾਨਿਆਂ ਨੂੰ,
ਰਾਸ਼ਟਰ ਮੁੱਕਦੇ ਜੋ ਸ਼ਹੀਦ ਵਿਸਾਰ ਜਾਂਦੇ।

**ਜਗਮੋਹਨ ਸਿੰਘ ਕੰਗ**
**81949-00027**

# ਕਾਵਿ ਕਿਆਰੀ

## ਉਹ ਦਰਦ ਕਹਾਣੀ

**ਵਿਧਾਤਾ ਸਿੰਘ ਧੀਰ**

ਨਾ ਯਾਦ ਕਰਾਣੀ, ਉਹ ਦਰਦ ਕਹਾਣੀ।
ਉਹ ਦੇਗ ਉਬਲਦੀ, ਉਹ ਖੌਲਦਾ ਪਾਣੀ।

ਵਿੱਚ ਬੈਠਾ ਮਾਹੀ, ਰੱਬ ਦੇ ਰੰਗ ਰੱਤਾ। ਉਹ ਚੰਦ ਭਾਨੀ ਦਾ, ਉਹ ਜੋਬਨ ਮੱਤਾ।
ਉਹ ਪ੍ਰੀਤ ਦਾ ਭਰਿਆ, ਉਹ ਗੀਤ ਦਾ ਭਰਿਆ। ਉਹ ਬੁਲ੍ਹ ਫੁਰਕਦੇ, ਉਹ ਨੈਣ ਝਮੱਕਦੇ।
ਉਹ ਰੂਪ ਇਲਾਹੀ, ਉਹ ਬੇਪਰਵਾਹੀ। ਜਦ ਚੇਤੇ ਆਉਣ, ਦੇਗੇ ਦੇ ਉਬਾਲੇ।
ਤਦ ਦਿਲ ਮੇਰੇ ਤੇ, ਪੈ ਜਾਂਦੇ ਨੇ ਛਾਲੇ।
ਨਾ ਯਾਦ ਕਰਾਣੀ, ਉਹ ਦਰਦ ਕਹਾਣੀ।
ਉਹ ਦੇਗ ਉਬਲਦੀ, ਉਹ ਖੌਲਦਾ ਪਾਣੀ।

ਇਕ ਸੋਹਣੀ ਸੂਰਤ, ਇਕ ਮੋਹਣੀ ਮੂਰਤ। ਅੱਗ ਨੂੰ 'ਜਲ' ਜਾਣੇ, ਪਈ ਮੌਜਾਂ ਮਾਣੇ।
ਵਿੱਚ ਅੱਗ ਦੇ ਬੈਠੀ, ਕਹਿ "ਰੱਬ ਦੇ ਭਾਣੇ"। 'ਆਸਨ' ਉਹ ਅਨੋਖਾ, ਉਹ ਮਗਨ 'ਸਮਾਧੀ'।
ਉਹ 'ਹਰਿ ਦਾ ਹਿਮਾਲਾ, ਜਿਸ ਸਾਧਨਾ ਸਾਧੀ। 'ਲੋਹ' ਚੇਤੇ ਕਰਕੇ, ਮੇਰਾ ਲੂੰ ਲੂੰ, ਕੰਬੇ।
ਨਾੜਾਂ 'ਚੋਂ ਨਿਕਲਣ, ਪਏ ਅੱਗ ਅਲੰਬੇ।
ਨਾ ਯਾਦ ਕਰਾਣੀ, ਉਹ ਦਰਦ ਕਹਾਣੀ।
ਉਹ ਦੇਗ ਉਬਲਦੀ, ਉਹ ਖੌਲਦਾ ਪਾਣੀ।

ਉਹ ਸਿਰ ਤੋਂ ਪੈਂਦੀ, ਫਿਰ ਪੈਰੀਂ ਢਹਿੰਦੀ। ਪਰ ਮੇਰਾ ਮਾਹੀ, ਵਿੱਚ ਬੇ ਪਰਵਾਹੀ।
ਰੰਗ ਝੂਮਾਂ ਲੈਂਦਾ, ਕਹੇ 'ਅਲਤਾ' ਹੈ ਪੈਂਦਾ। ਨਹੀਂ ਰੇਤ ਇਹ ਵਰ੍ਹਦੀ ਇਹ ਨੇਤ ਹੈ ਹਰਿ ਦੀ।
ਮੇਰੇ ਸਾਈਂ ਦੇ ਦਰ ਦੇ, ਪਏ ਫੁੱਲ ਨੇ ਵਰ੍ਹਦੇ। ਜਦ ਰੇਤ ਦੀ ਝਾਕੀ, ਮੇਰੇ ਨੈਣਾਂ ਚਿ ਫਿਰਦੀ।
ਤਦ ਪੈਰਾਂ ਦੇ ਹੇਠੋਂ, ਪਈ ਮਿਟੀ ਏ ਕਿਰਦੀ।
ਨਾ ਯਾਦ ਕਰਾਣੀ, ਉਹ ਦਰਦ ਕਹਾਣੀ।
ਉਹ ਦੇਗ ਉਬਲਦੀ, ਉਹ ਖੌਲਦਾ ਪਾਣੀ।

ਉਹ ਰਾਵੀ ਦਾ ਕੰਢਾ, ਉਹ ਅੰਤ ਦੀਦਾਰੇ। ਉਹ ਪ੍ਰੀਤਮ ਪਿਆਰਾ, ਉਹ ਪ੍ਰੀਤਮ ਪਿਆਰੇ।
ਉਹ ਅੰਤਿਮ ਸਿਖਿਆ, ਉਹ ਅੰਤਮ ਗੱਲਾਂ। ਉਹ ਮਾਹੀ ਦੀ ਟੁਭੀ, ਉਹ ਪਾਣੀ ਤੇ ਛੱਲਾਂ।
ਰਾਵੀ ਰੱਵ ਜਾਣਾ, ਫਿਰ ਨਜ਼ਰ ਨਾ ਆਣਾ। ਜਦ ਚੇਤੇ ਆਵੇ, ਲੱਖ ਲੱਗਣ ਚੋਭਾਂ।
ਤਕ ਤਕ ਕੇ ਰਾਵੀ, ਦਿਲ ਖਾਵੇ ਡੋਬਾਂ।
ਨਾ ਯਾਦ ਕਰਾਣੀ, ਉਹ ਦਰਦ ਕਹਾਣੀ।
ਉਹ ਦੇਗ ਉਬਲਦੀ, ਉਹ ਖੌਲਦਾ ਪਾਣੀ।

..........................................................

# ਸੁੱਚੇ-ਮੋਤੀ

### ਸਫ਼ਲ ਕਿਵੇਂ ਹੋਈਏ?

8 ਸਤੰਬਰ 1977 ਈ. ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸੰਗੀਤ ਬੈਠਕ ਦੌਰਾਨ ਸਤਿਗੁਰੂ ਜੀ ਬਚਨ ਕੀਤਾ- "ਜ਼ਿੰਦਗੀ ਵਿੱਚ ਜਿਸਨੇ ਕੁਝ ਕਰਨਾ ਹੈ ਉਹ ਕੰਡਿਆਂ ਥੋਰਾਂ ਤੋਂ ਨਾ ਡਰੇ। ਉਹ ਤਾਂ ਸਾਰੀਆਂ ਰੋਕਾਂ ਉਲੰਘਦਾ ਹੀ ਜਾਵੇ, ਜਿਵੇਂ ਵੇਗਵਾਨ ਨਦੀ ਪੱਥਰਾਂ, ਚਟਾਨਾਂ ਦੇ ਹੇਠ ਦੀ, ਉਤੋਂ ਦੀ ਜਾਂ ਪਾਸਿਉਂ ਦੀ ਰਾਹ ਬਣਾਂਦੀ ਤੁਰੀ ਜਾਂਦੀ ਹੈ। ਸਸਤੀ ਸਫ਼ਲਤਾ ਨਾ ਮਿਲਦੀ ਹੈ ਤੇ ਜੇ ਕਿਸੇ ਝੋਲੀ ਪੈ ਜਾਏ ਤਾਂ ਖੁੱਸਦਿਆਂ ਵੀ ਦੇਰ ਨਹੀਂ ਲੱਗਦੀ।"

### ਡਰਾਈਵਿੰਗ ਦੇ ਅਸੂਲ

25 ਨਵੰਬਰ 1977 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਨੇ ਆਪਣੇ ਡਰਾਈਵਰ ਸੰਤ ਰਘੁਬੀਰ ਸਿੰਘ (ਗੜ੍ਹੀ ਮਹਾਂ ਸਿੰਘ) ਨੂੰ ਦੱਸਿਆ- "ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਬਚਨ ਸੁਣਿਆ ਹੈ, ਉਹਨਾਂ ਡਰਾਈਵਿੰਗ ਲਈ ਤਿੰਨ ਗੁਰ ਦੱਸੇ ਸਨ-

1. ਗੱਡੀ ਸਦਾ ਪੈਟਰੋਲ ਨਾਲ ਭਰਪੂਰ ਕਰਕੇ ਰੱਖੋ।
2. ਜਦੋਂ ਰੁਕਣਾ ਹੋਵੇ, ਜਿਧਰ ਨੂੰ ਗੱਡੀ ਨੇ ਚੱਲਣਾ ਹੋਵੇ, ਓਧਰ ਮੂੰਹ ਕਰਕੇ ਖਲ੍ਹਾਰੋ।
3. ਜਦੋਂ ਤੁਰ ਪਓ ਤਾਂ ਰੇਲ ਦੇ ਫਾਟਕ ਜਾਂ ਨਦੀ ਵਗੈਰਾ ਦਾ ਪੁਲ ਪਾਰ ਕਰਕੇ ਹੀ ਖਲੋਵੋ। ਰੁਕਣ ਦੀ ਲੋੜ ਪਏ ਤਾਂ ਫਾਟਕ ਜਾਂ ਪੁਲ ਤੋਂ ਉਰਲੇ ਪਾਰ ਕਦੇ ਨਾ ਖਲੋਵੋ।

### ਮਿੱਟੀ 'ਚੋਂ ਸੋਨਾ

8 ਦਸੰਬਰ 1977 ਨੂੰ ਸ੍ਰੀ ਭੈਣੀ ਸਾਹਿਬ, ਅੱਜ ਮੇਰੀ (ਕਵੀ ਪ੍ਰੀਤਮ ਸਿੰਘ) ਰੂਹ ਬਾਗ ਬਾਗ ਹੈ, ਜਦੋਂ ਮੈਂ ਵੇਖਦਾ ਹਾਂ ਕਿ ਸਤਿਗੁਰੂ ਜੀ ਆਪਣੇ ਅਧਿਕਾਰਾਂ ਦੀ ਹਰ ਵੇਲੇ ਵਰਤੋਂ ਕਰਦੇ ਜਾ ਰਹੇ ਹਨ। ਸਤਿਗੁਰਾਂ ਕੋਲ ਲੱਖਾਂ ਰੁਪਏ ਆਉਂਦੇ ਤੇ ਲੱਖਾਂ ਹੀ ਖਰਚ ਹੋ ਜਾਂਦੇ ਹਨ ਪਰ ਸਤਿਗੁਰੂ ਜੀ ਨੇ ਕਦੇ ਪੈਸੇ ਨੂੰ ਹੱਥ ਲਾ ਕੇ ਨਹੀਂ ਡਿੱਠਾ। ਸੇਵਕਾਂ ਦੀ ਸੋਹਣੀ ਰਿਹਾਇਸ਼, ਵਧੀਆ ਪੁਸ਼ਾਕਾਂ, ਕੰਮਾਂ ਵਿੱਚ ਤੇਜ਼ੀ, ਸ੍ਰੀ ਭੈਣੀ ਸਾਹਿਬ ਦੀ ਉਸਾਰੀ, ਵਿਦੇਸ਼ਾਂ ਵਿੱਚ ਨਾਮਧਾਰੀ ਧਰਮਸ਼ਾਲਾਵਾਂ ਦੀ ਖਰੀਦ, ਸੰਗੀਤ, ਖੇਡਾਂ ਆਦਿ 'ਤੇ ਖੁੱਲ੍ਹਾ ਖਰਚ, ਨਾਮਧਾਰੀ ਬੱਚਿਆਂ ਦੀ ਉਸਾਰੀ ਵੱਲ ਪਹੁੰਚ। ਕਿਸੇ ਗੱਲ ਵਿੱਚ ਵੀ ਪੈਸੇ ਦੀ ਥੁੜ੍ਹੋਂ ਅੜਿੱਕਾ ਨਹੀਂ। ਸਮਾਜ ਵਿੱਚ ਲੋੜਵੰਦਾਂ ਦੀ ਹਜ਼ਾਰਾਂ ਤੇ ਲੱਖਾਂ ਨਾਲ ਮਦਦ ਕੀਤੀ ਜਾਂਦੀ ਹੈ। ਸਤਿਗੁਰੂ ਜਿਧਰ ਨਜ਼ਰ ਕਰਦੇ ਹਨ ਮਿੱਟੀ 'ਚੋਂ ਸੋਨਾ ਉੱਠ-ਉੱਠ ਕੇ ਆਪਣੇ ਚਰਨੀਂ ਆ ਲੱਗਦਾ ਹੈ।

### ਕਰੋਧ 'ਤੇ ਕਾਬੂ

ਕਰੋਧ ਬਾਰੇ ਜ਼ਿਕਰ ਕਰਦਿਆਂ ਸ੍ਰੀ ਸਤਿਗੁਰੂ ਜੀ ਨੇ ਦੱਸਿਆ- "ਕਈ ਵਾਰ ਐਸੇ ਹਾਲਾਤ ਪੈਦਾ ਹੋ ਜਾਂਦੇ ਹਨ ਕਿ ਕਰੋਧ ਹੁਰੀਂ ਆ ਧਮਕਣ। ਪਰ ਮੈਂ ਉਸ ਦੀ ਪੈੜ ਪਛਾਣ ਲੈਂਦਾ ਹਾਂ ਤੇ ਕੋਸ਼ਿਸ਼ ਰੱਖਦਾ ਹਾਂ ਕਿ ਆਪਣੇ ਪੈਰੋਂ ਨਹੀਂ ਉਖੜਣਾ। ਕਰੋਧ ਨੂੰ ਪੀ ਹੀ ਜਾਣਾ ਹੈ। ਪਰ ਹੁਣ ਸਤਿਗੁਰਾਂ ਦੀ ਕਿਰਪਾ ਨਾਲ ਗੁੱਸਾ ਨਹੀਂ ਆਉਂਦਾ। ਕਰੋਧੀ ਨਾਲ ਧੀਰਜ ਰੱਖ ਕੇ ਹੀ ਨਿੱਬੜੀਦਾ ਹੈ।"

### ਦਿਲਚਸਪੀਆਂ

ਸਤਿਗੁਰੂ ਜਗਜੀਤ ਸਿੰਘ ਜੀ ਨਿੱਕੀਆਂ-ਨਿੱਕੀਆਂ ਦਿਲਚਸਪੀਆਂ ਤਾਂ ਇੰਜ ਪੈਦਾ ਕਰਦੇ ਰਹਿੰਦੇ ਹਨ ਜਿਵੇਂ ਉਨ੍ਹਾਂ ਦੇ ਅੰਦਰਵਾਰ ਕਿਤੇ ਦਿਲਚਸਪੀਆਂ ਦਾ ਫੁਹਾਰਾ ਹੋਵੇ। ਗੁਰਬਾਣੀ ਦੁਆਰਾ ਸ਼ਬਦ-ਨਿਖੇੜ ਕਰਦਿਆਂ ਸੰਬੰਧਤ ਧਿਰਾਂ ਨੂੰ ਰਮਜ਼ਾਂ ਨਾਲ ਬਹੁਤ ਕੁਝ ਸਮਝਾ ਦਿੰਦੇ ਹਨ। ਜੰਮੂ ਦੇ ਇੱਕ ਨੌਜੁਆਨ ਚਰਨ ਸਿੰਘ (ਚੰਨੀ) ਨੂੰ ਵੇਖ, ਪ੍ਰਮਾਣ ਦਿੰਦਿਆਂ "ਮਾਈ ਗੁਰ ਚਰਣੀ ਚਿਤੁ ਲਾਈਐ" ਕਹਿੰਦਿਆਂ ਉਸਨੂੰ ਅੱਗੇ ਆ ਕੇ ਬੈਠਣ ਦਾ ਇਸ਼ਾਰਾ ਕੀਤਾ।

**ਸੁਖਨ-ਏ-ਬੇਅੰਤ ਵਿਚੋਂ**

# ਖ਼ਬਰਨਾਮਾ

## ਸ੍ਰੀ ਸਤਿਗੁਰੂ ਜੀ ਦਾ ਦੌਰਾ ਮੰਡੀ ਹਿਮਾਚਲ ਪ੍ਰਦੇਸ਼

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਅਨੁਸਾਰ ਦੇਸ਼ ਦੀ ਵੰਡ ਭਾਵ 1947 ਦੇ ਬਟਵਾਰੇ ਬਾਅਦ ਕੁਝ ਪਰਿਵਾਰ ਹਿਮਾਚਲ ਪ੍ਰਦੇਸ ਦੇ ਸ਼ਹਿਰ ਮੰਡੀ ਵਿਚ ਆਣ ਕੇ ਵੱਸ ਗਏ। ਉਸ ਸਮੇਂ ਪੰਜਾਬ, ਹਰਿਆਣਾ ਅਤੇ ਹਿਮਾਚਲ ਇਕ ਹੀ ਰਾਜ ਹੋਇਆ ਕਰਦਾ ਸੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਅਨੇਕਾਂ ਵਾਰ ਮੰਡੀ ਇਲਾਕੇ ਦਾ ਦੌਰਾ ਕੀਤਾ ਜੋ ਕਦੀ ਕਿਸੇ ਸਮੇਂ ਘੋੜਿਆਂ ਤੇ ਵੀ ਹੋਇਆ ਕਰਦਾ ਸੀ। ਇਸ ਲਈ ਮੰਡੀ, ਸੁੰਦਰ ਨਗਰ ਇਹ ਸਥਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਵਿਸ਼ੇਸ਼ ਕ੍ਰਿਪਾ ਦੇ ਪਾਤਰ ਰਹੇ ਹਨ। ਉਸੇ ਤਰ੍ਹਾਂ ਹੀ ਹਜ਼ੂਰ ਸਤਿਗੁਰੂ ਜੀ ਵੀ ਮੰਡੀ ਇਲਾਕੇ ਦੀ ਸਾਧ ਸੰਗਤ ਨੂੰ ਮਾਣ ਅਤੇ ਪਿਆਰ ਬਖਸ਼ਦੇ ਹਨ।

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਮਿਤੀ 11 ਮਈ 2026 ਦਿਨ ਸੋਮਵਾਰ ਨੂੰ ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਵਾਇਆ ਰੋਪੜ ਹੁੰਦੇ ਹੋਏ ਜ਼ਿਲ੍ਹਾ ਮੰਡੀ ਦੇ ਪਿੰਡ ਸੈਣਮੋਰੀ ਜਿਥੇ ਸ੍ਰੀ ਸਤਿਗੁਰੂ ਜੀ ਦਾ ਬਲਿਊ ਬੇਰੀ ਦਾ ਫਾਰਮ ਹੈ ਉਸ ਸਥਾਨ ਤੇ ਦਰਸ਼ਨ ਦਿੱਤੇ। ਫਾਰਮ ਦੀ ਖੇਤੀਬਾੜੀ ਦੇ ਪ੍ਰਬੰਧਕ ਸਤਨਾਮ ਸਿੰਘ ਅਤੇ ਸਮਸ਼ੇਰ ਸਿੰਘ ਜੋ ਇਸ ਫਾਰਮ ਤੇ ਦੇਖ ਭਾਲ ਕਰਦੇ ਹਨ ਅਤੇ ਨਾਲ ਹੀ ਸ. ਗੁਰਚਰਨ ਸਿੰਘ ਗੋਲੀ ਮਜ਼ੂਦ ਸਨ। ਕੁਝ ਸਮਾਂ ਫਾਰਮ ਤੇ ਰੁਕਣ ਉਪਰੰਤ ਇਤਿਹਾਸਿਕ ਸਥਾਨ ਸ੍ਰੀ ਰਵਾਲਸਰ ਲਈ ਚਾਲੇ ਪਾਏ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆ ਨਾਲ ਮਿਲ ਬੈਠ ਵੀਚਾਰਾਂ ਕੀਤੀਆਂ ਸਨ। ਇਸ ਸਥਾਨ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਕਰਕੇ ਹੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਏਥੇ ਬਣੀ ਨਾਮਧਾਰੀ ਧਰਮਸ਼ਾਲਾ ਦਾ ਮੂੰਹ ਮੁਹਾਦਰਾ ਸਵਾਰ ਕੇ ਵਧੀਆਂ ਕਮਰੇ ਵੀ ਬਣਵਾਏ ਹਨ। ਇਥੇ ਹੀ ਸੇਵਾ ਨਿਭਾ ਰਿਹਾ ਹੈ ਨੌਜਵਾਨਾ ਪਿਆਰਾ ਸਿੰਘ ਸਮੇਤ ਪਤਨੀ ਮਨਜੀਤ ਕੌਰ ਜੋ ਸਿੱਕਮ ਤੋਂ ਹੈ ਅਤੇ ਪਿਆਰਾ ਸਿੰਘ ਦਾ ਪਿੰਡ ਜ਼ਿਲ੍ਹਾ ਬਠਿੰਡੇ ਵਿਚ ਢਪਾਲੀ ਹੈ। ਇਸ ਜੋੜੀ ਦਾ ਇਕ ਲੜਕਾ ਉਮਰ ਤਕਰੀਬਨ ਇਕ ਸਾਲ ਹੈ। ਇਥੇ ਸ. ਸਤਿੰਦਰਪਾਲ ਸਿੰਘ ਮੰਡੀ ਤੋਂ ਆਣ ਪਹੁੰਚੇ ਸਨ। ਰਵਾਲਸਰ ਤੋਂ ਮੰਡੀ ਕੋਠੀ ਵਿਖੇ ਸ੍ਰੀ ਸਤਿਗੁਰੂ ਜੀ ਨੇ ਦਰਸ਼ਨ ਦਿੱਤੇ ਇਥੇ ਹੀ ਸ਼ਾਮ ਦਾ ਨਾਮ ਸਿਮਰਨ 6 ਤੋਂ 7 ਵਜੇ ਤੱਕ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਹੋਇਆ। ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ। ਅੱਜ ਪੂਰੇ ਵਿਸ਼ਵ ਵਿਚ (ਮਦਰ ਡੇ) ਮਾਂ ਦਾ ਦਿਨ ਮਨਾਇਆ ਜਾ ਰਿਹਾ ਸੀ ਜਿਸ ਨੂੰ ਮੁੱਖ ਰੱਖ ਕੇ ਜਥੇ. ਨਿਸ਼ਾਨ ਸਿੰਘ ਮਾਤਾ ਜੀਵਨ ਕੌਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਜਨਨੀ ਮਾਂ ਦੇ ਜੀਵਨ ਤੇ ਚਾਨਣਾ ਪਾਇਆ।

ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਬੱਚਿਆਂ ਦਾ ਪ੍ਰੋਗਰਾਮ ਹੋਇਆ। ਕਾਕਾ ਕਰਤਾਰ ਸਿੰਘ ਪੁੱਤਰ ਰਣਜੀਤ ਸਿੰਘ ਨੇ ਹਉ ਵਾਰੀ ਜੀਉ ਵਾਰੀ ਗਾਇਨ ਕੀਤਾ। ਇਹਨਾਂ ਬੱਚਿਆਂ ਨੂੰ ਬੀਬੀ ਰਤਨ ਕੌਰ ਭੈਣੀ ਸਾਹਿਬ ਵਾਲੀ ਨੇ ਸਿਖਾਇਆ ਸੀ। ਬੱਚੀ ਗਗਨਦੀਪ ਕੌਰ ਪੁੱਤਰ ਹਰਚਰਨਪ੍ਰੀਤ ਸਿੰਘ ਨੇ 'ਤੁਮ ਹੋ ਸਭ ਰਾਜਨ ਕੇ ਰਾਜਾ,' ਸ਼ਬਦ ਪੜ੍ਹਿਆ॥ ਕਾਕਾ ਅਰਸ਼ਪ੍ਰੀਤ ਸਿੰਘ ਨੇ 'ਮਨ ਮੇਰੇ ਭੂਲੇ ਕਪਟ ਨਾ ਕੀਜੈ' ਬੱਚੀ ਨਰਾਇਨ ਕੌਰ ਨੇ ਵੀ ਸ਼ਬਦ ਪੜ੍ਹਿਆ ਨਾਲ ਤਬਲੇ ਤੇ ਸਾਥ ਨੰਦ ਸਿੰਘ ਪੁੱਤਰ ਅਵਜਿੰਦਰ ਸਿੰਘ ਨੇ ਦਿੱਤਾ। ਬੀਬੀ ਰਤਨ ਕੌਰ ਪਤਨੀ ਰਾਜਾ ਸਿੰਘ ਨੇ 'ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੇਰੋ ਆਏ ਹੈ। ਦੋ ਨੌਜਵਾਨਾਂ ਦੀ ਕ੍ਰਿਕਟ ਟੀਮ ਨੇ ਜੇਤੂ ਟਰਾਫੀ ਨਾਲ ਸ੍ਰੀ ਸਤਿਗੁਰੂ ਜੀ ਤੋਂ ਅਸ਼ੀਰਵਾਦ ਲਿਆ। ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸਾਧ ਸੰਗਤ ਨੇ ਲੰਗਰ ਪਾਣੀ ਛਕਿਆ ਸ੍ਰੀ ਸਤਿਗੁਰੂ ਜੀ ਨੇ ਸਮੇਤ ਸੇਵਕਾਂ ਕੋਠੀ ਵਿਖੇ ਹੀ ਰਾਤ ਵਿਸ਼ਰਾਮ ਕੀਤਾ।

ਮਿਤੀ 12 ਮਈ 2026 ਦਿਨ ਮੰਗਲਵਾਰ- ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਰਤਨ ਕੌਰ ਪਤਨੀ ਰਾਜਾ ਸਿੰਘ ਨੇ ਬੱਚਿਆਂ ਨਾਲ ਰਲ ਕੇ ਕੀਤਾ। ਭੋਗ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ ਅਤੇ ਹੁਕਮ ਕੀਤਾ ਕਿ ਇਸ ਇਲਾਕੇ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਹੁਤ ਪਿਆਰ ਬਖਸ਼ਿਆ ਹੈ। ਤੁਸੀਂ ਸਿੱਖੀ ਸਰੂਪ ਵਿਚ ਨਾਮ ਸਿਮਰਨ ਕਰਦੇ ਬਹੁਤ ਸੋਹਣੇ ਲੱਗਦੇ ਹੋ। ਗੁਰਬਾਣੀ ਗੁਰੂ ਸਾਹਿਬਾਨ ਦੀ ਦਿੱਤੀ ਹੋਈ ਅਨਮੋਲ ਦਾਤ ਹੈ। ਪ੍ਰੋਗਰਾਮ ਦੇ ਅੰਤ ਵਿਚ ਸਤਵਿੰਦਰਪਾਲ ਸਿੰਘ ਜੀ ਨੇ ਸ੍ਰੀ ਸਤਿਗੁਰੂ ਜੀ ਦਾ ਇਥੇ

ਦਰਸ਼ਨ ਦੇਣ ਤੇ ਧੰਨਵਾਦ ਅਤੇ ਸ਼ੁਕਰਾਨਾ ਕੀਤਾ। ਸ੍ਰੀ ਸਤਿਗੁਰੂ ਜੀ ਨੇ ਕਰਮ ਸਿੰਘ ਪੁੱਤਰ ਕ੍ਰਿਪਾਲ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ ਸ੍ਰੀ ਸਤਿਗੁਰੂ ਜੀ ਨੇ ਮੰਡੀ ਵਿਖੇ ਹੇਠ ਲਿਖੇ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਕੀਤੀ। ਹੀਰਾ ਸਿੰਘ ਪੁੱਤਰ ਮਨਜੀਤ ਸਿੰਘ ਬੀਬੀ ਨਿਰਮਲਾ ਅਰੋੜਾ ਪਤਨੀ ਸੁਦਰਸ਼ਨ ਲਾਲ ਅਰੋੜਾ ਦੇ ਚੜ੍ਹਾਈ ਕਰਨ ਤੇ ਪਰਿਵਾਰ ਨੂੰ ਦਰਸ਼ਨ ਦਿੱਤੇ।

ਬੀਬੀ ਜੋਗਿੰਦਰ ਕੌਰ ਦੇ ਚੜ੍ਹਾਈ ਕਰਨ ਤੇ ਹੰਸਪਾਲ ਸਿੰਘ ਪੁੱਤਰ ਹਰਬੰਸ ਸਿੰਘ ਦੇ ਘਰ ਦਰਸ਼ਨ ਦਿੱਤੇ। ਨਰਿੰਜਨ ਸਿੰਘ ਪੁੱਤਰ ਕਰਮ ਸਿੰਘ, ਨਿਰਮਲ ਸਿੰਘ ਪੁੱਤਰ ਤੇਜਾ ਸਿੰਘ, ਸੁਖਦੇਵ ਸਿੰਘ ਪੁੱਤਰ ਹਰਨਾਮ ਸਿੰਘ ਸਰਨਪਾਲ ਸਿੰਘ ਪੁੱਤਰ ਸੁਖਦੇਵ ਸਿੰਘ, ਸਤਪਾਲ ਸਿੰਘ ਪੁੱਤਰ ਤੇਜਾ ਸਿੰਘ, ਚਰਨਜੀਤ ਕੌਰ ਪਤਨੀ ਮਨਜੀਤ ਸਿੰਘ, ਸ. ਗੁਰਮੀਤ ਸਿੰਘ ਨੇਰ ਚੌਂਕ, ਕਰਤਾਰ ਸਿੰਘ ਪੁੱਤਰ ਕੁਲਵਿੰਦਰ ਸਿੰਘ, ਹਰਜੀਤ ਸਿੰਘ ਪੁੱਤਰ ਅਤਰ ਸਿੰਘ, ਜਗਤਾਰ ਸਿੰਘ ਮੰਡੀ ਜਿਊਲਰ ਨੇਰ ਚੌਂਕ, ਗੁਰਦੀਪ ਸਿੰਘ। ਸੁੰਦਰ ਨਗਰ ਵਿਖੇ ਸ. ਹਰਜੀਤ ਸਿੰਘ ਐਸ.ਡੀ.ਓ. ਅਤੇ ਸ. ਹਰਜੋਤ ਸਿੰਘ ਐਕਸੀਅਨ ਭਾਖੜਾ ਬਿਆਸ ਮਨੇਜਮੈਂਟ ਬੋਰਡ ਵੱਲੋਂ ਝੀਲ ਦਾ ਨਜਾਰਾ ਇਕ ਕਿਸਤੀ ਬੇੜੇ ਵਿਚ ਸਵਾਰ ਹੋ ਕੇ ਕੁਦਰਤ ਦੇ ਅਦੁਭੁਤ ਨਜਾਰੇ ਦਾ ਅਨੰਦ ਮਾਣਿਆ। ਸ੍ਰੀ ਸਤਿਗੁਰੂ ਜੀ ਨੇ ਪ੍ਰਬੰਧਕੀ ਦਫ਼ਤਰ ਵਿੱਚ ਵੀ ਚਰਨ ਪਾਉਣ ਦੀ ਕਿਰਪਾ ਕੀਤੀ। ਸੁੰਦਰ ਨਗਰ ਨਾਮਧਾਰੀ ਧਰਮਸ਼ਾਲਾ ਵਿਖੇ ਸ਼ਾਮ ਦਾ ਨਾਮ ਸਿਮਰਨ 4 ਤੋਂ 6 ਵਜੇ ਤੱਕ ਹੋਇਆ। ਜਥੇ. ਨਿਸ਼ਾਨ ਸਿੰਘ ਦਿੱਲੀ ਨੇ ਦੀਵਾਨ ਸਜਾਇਆ। ਜਿਸ ਵਿਚ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੀਆਂ ਬਖਸ਼ਿਸ਼ਾਂ ਦਾ ਵਰਨਣ ਕੀਤਾ ਗਿਆ। ਸਮਾਪਤੀ ਉਪਰੰਤ ਬੱਚੀ ਪ੍ਰਸ਼ਨੀਤ ਕੌਰ ਪੁੱਤਰੀ ਕਰਤਾਰ ਸਿੰਘ ਨੇ ਸ਼ਬਦ 'ਅਤਿ ਪ੍ਰੀਤਮ ਮਨ ਮੋਹਨਾ ਘਟ ਸੋਹਨਾ' ਗਾਇਨ ਕੀਤਾ। ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੀ ਕਿਰਪਾ ਕੀਤੀ। ਸੁੰਦਰ ਨਗਰ ਵਿਖੇ ਹੀ ਸ. ਕੁਲਵੰਤ ਸਿੰਘ, ਜਗਦੀਪ ਸਿੰਘ ਪੁੱਤਰ ਬਲਬੀਰ ਸਿੰਘ ਦੇ ਘਰ ਚਰਨ ਪਾਏ ਅਤੇ ਜਲ ਪਾਣੀ ਛਕਣ ਦੀ ਕਿਰਪਾ ਕੀਤੀ। ਸੁੰਦਰ ਨਗਰ ਵਿਖੇ ਹੀ ਗੁਰਮੀਤ ਸਿੰਘ ਪੁੱਤਰ ਕੁਲਦੀਪ ਸਿੰਘ ਬੀਬੀ ਜਗਦੀਪ ਕੌਰ ਰਾਨੀ ਦੇ ਘਰ ਚਰਨ ਪਾਉਣ ਦੀ ਕਿਰਪਾ ਕੀਤੀ। ਸੁੰਦਰ ਨਗਰ ਤੋਂ ਹੀ ਸ੍ਰੀ ਸਤਿਗੁਰੂ ਜੀ ਨੇ ਦੌਰੇ ਵੀ ਸਮਾਪਤੀ ਕਰਦੇ ਹੋਏ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

## ਪਿੰਡ ਬਜੀਦਪੁਰ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਪਿੰਡ ਬਜੀਦਪੁਰ ਜੋ ਕਿ ਨਵਾਂ ਸ਼ਹਿਰ ਵਿਖੇ ਸਥਿਤ ਹੈ। ਇਸ ਨਗਰ ਵਿਚ ਨਾਮਧਾਰੀ ਪਰਿਵਾਰ ਕਾਫੀ ਵੱਡੀ ਗਿਣਤੀ ਵਿਚ ਵੱਸਦੇ ਹਨ। ਪਿੰਡ ਬਜੀਦਪੁਰ ਵਿਖੇ ਹੀ ਇਸ ਸਿੰਘ ਸਭਾ ਦਾ ਗੁਰਦੁਆਰਾ ਸਥਾਪਿਤ ਹੈ ਜਿਸ ਦੀ ਨੀਂਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਰੱਖੀ ਸੀ। ਜਿਥੇ ਅੱਜ ਸ਼ਾਨਦਾਰ ਗੁਰਦੁਆਰਾ ਸਥਾਪਿਤ ਹੈ ਸ. ਸੰਤੋਖ ਸਿੰਘ ਪੁੱਤਰ ਸ. ਗੁਰਚੈਨ ਸਿੰਘ ਦੇ ਅਰਜ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 13 ਮਈ 2026 ਦਿਨ ਬੁੱਧਵਾਰ ਨੂੰ ਬਜੀਦਪੁਰ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਨਾਮਧਾਰੀ ਧਰਮਸ਼ਾਲਾ ਵਿਖੇ ਸ. ਗੁਰਚੈਨ ਸਿੰਘ ਜੀ ਦੀ ਯਾਦ ਵਿਚ ਸਮਾਗਮ ਉਹਨਾਂ ਦਾ ਪਰਿਵਾਰ ਵਲੋਂ ਕੀਤਾ ਗਿਆ ਸੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਮਧਾਰੀ ਧਰਮਸ਼ਾਲਾ ਵਿਖੇ ਬਣੇ ਹੋਏ ਸੁੰਦਰ ਹਾਲ ਦਾ ਉਦਘਾਟਨ ਰੀਬਨ ਕੱਟ ਕੀਤਾ। ਸੂਬਾ ਸੰਦੀਪ ਸਿੰਘ ਜੀ ਆਪਣੇ ਜਥੇ ਸਮੇਤ ਦੀਵਾਨ ਸਜਾ ਰਹੇ ਸਨ। ਦੀਵਾਨ ਦੀ ਸਮਾਪਤੀ ਉਪਰੰਤ ਪਵਿੱਤਰ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਇਕ ਸਹਿਜਪਾਠ ਦਾ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸ. ਗੁਰਚੈਨ ਸਿੰਘ ਦੇ ਨਮਿੱਤ ਵਰੀਨੇ ਦਾ ਪਾਇਆ ਗਿਆ। ਸ੍ਰੀ ਸਤਿਗੁਰੂ ਜੀ ਨੇ ਕੁਝ ਘਰਾਂ ਵਿਚ ਚਰਨ ਪਾਉਣ ਦੀ ਕਿਰਪਾ ਵੀ ਕੀਤੀ। ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ।

**ਸੂਬਾ ਬਲਵਿੰਦਰ ਸਿੰਘ ਝੱਲ**

..............................................................

## ਪਿੰਡ ਘੁੜਾਮ ਅਤੇ ਦੇਵੀਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ

ਜ਼ਿਲ੍ਹਾ ਪਟਿਆਲਾ ਦੀ ਸਰਹੱਦ ਅਤੇ ਹਰਿਆਣਾ ਦੇ ਸ਼ਹਿਰ ਪਹੇਵਾ ਦੀ ਸਰਹੱਦ ਵਾਲੇ ਪਾਸੇ ਹੈ ਪਿੰਡ ਘੁੜਾਮ, ਜੋ ਕਿ ਪੁਰਾਤਨ ਇਤਿਹਾਸਿਕ ਪਿੰਡ ਹੋਣ ਦਾ ਮਾਨ ਰੱਖਦਾ ਹੈ। ਦੱਸਦੇ ਹਨ ਕਿ ਭਗਵਾਨ ਸ੍ਰੀ ਰਾਮ ਚੰਦਰ ਜੀ ਦਾ ਨਾਨਕਾ ਪਿੰਡ ਅਤੇ ਮਾਤਾ ਕੁਛੱਲਿਆ ਦਾ ਪੇਕਾ ਪਿੰਡ ਹੋਣ ਦੇ ਨਾਲ ਨਾਲ ਪੀਰ ਭੀਖਨ ਸ਼ਾਹ ਦਾ ਵੀ ਇਹ ਹੀ ਨਗਰ ਹੈ ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬਾਲ ਅਵਸਥਾ ਵਿਚ ਗੋਬਿੰਦ ਰਾਏ

ਦੇ ਰੂਪ ਵਿਚ ਦੋ ਕੁੱਜੀਆਂ ਭੇਂਟ ਕੀਤੀਆਂ ਸਨ ਅਤੇ ਗੁਰੂ ਗੋਬਿੰਦ ਰਾਏ ਨੇ ਕੁੱਜੀਆਂ ਤੇ ਦੋਵੇਂ ਹੱਥ ਰੱਖੇ ਸਨ। ਏਸੇ ਨਗਰ ਵਿਚ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਮਿਤੀ 14 ਮਈ 2026 ਦਿਨ ਵੀਰਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਭੈਣੀ ਸਾਹਿਬ ਤੋਂ ਚੱਲ ਕੇ ਪਿੰਡ ਦੇਵੀਗੜ੍ਹ ਵਿਖੇ ਸ. ਸੁਖਦੇਵ ਸਿੰਘ ਪੁੱਤਰ ਸ. ਮਹਿੰਦਰ ਸਿੰਘ ਦੇ ਗ੍ਰਹਿ ਵਿਖੇ ਅਖੰਡ ਪਾਠ ਦਾ ਭੋਗ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਜਥੇ. ਕਮਾਲ ਸਿੰਘ ਨੇ ਦੀਵਾਨ ਸਜਾਇਆ। ਸ੍ਰੀ ਸਤਿਗੁਰੂ ਜੀ ਨੇ ਕਾਕਾ ਹਰਿੰਦਰ ਸਿੰਘ ਪੁੱਤਰ ਹਰਪ੍ਰੀਤ ਸਿੰਘ ਨੂੰ ਦਸਤਾਰ ਸਜਾਉਣ ਦੀ ਕਿਰਪਾ ਕੀਤੀ। ਪ੍ਰਸ਼ਾਦ ਪਾਣੀ ਛੱਕਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਪਿੰਡ ਘੁਮਾੜ ਵਿਖੇ ਸ. ਮੋਹਨ ਸਿੰਘ ਮਹੰਤ ਪੁੱਤਰ ਜੰਗ ਸਿੰਘ, ਸੁਖਦੇਵ ਸਿੰਘ ਪੁੱਤਰ ਹਰੀ ਸਿੰਘ, ਗੁਰਦੇਵ ਸਿੰਘ ਪੁੱਤਰ ਅਵਤਾਰ ਸਿੰਘ, ਭਗਵਾਨ ਸਿੰਘ ਪੁੱਤਰ ਅਵਤਾਰ ਸਿੰਘ, ਹਰਕਮਲ ਦੀਪ ਸਿੰਘ ਪੁੱਤਰ ਬਲਵਿੰਦਰ ਸਿੰਘ, ਇੰਦਰਜੀਤ ਸਿੰਘ ਪੁੱਤਰ ਅਮਰੀਕ ਸਿੰਘ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ ਪੁੱਤਰ ਅਮਰੀਕ ਸਿੰਘ, ਸੁਖਵਿੰਦਰ ਸਿੰਘ ਪੁੱਤਰ ਬਲਕਾਰ ਸਿੰਘ, ਹਰਜਿੰਦਰ ਸਿੰਘ ਪੁੱਤਰ ਬਾਵਾ ਸਿੰਘ, ਗੁਰਦੀਪ ਸਿੰਘ ਪੁੱਤਰ ਸੋਹਨ ਸਿੰਘ ਭੈਣੀ, ਰਨਜੀਤ ਸਿੰਘ ਪੁੱਤਰ ਦਰਸ਼ਨ ਸਿੰਘ, ਬੈਕੁੰਠ ਸਿੰਘ ਪੁੱਤਰ ਰਨਧੀਰ ਸਿੰਘ, ਸਤਵੰਤ ਸਿੰਘ ਪੁੱਤਰ ਸ. ਗੁਰਮੁਖ ਸਿੰਘ ਪਿੰਡ ਹੁਸੈਨਪੁਰਾ ਪਟਿਆਲਾ ਸ਼ਹਿਰ ਵਿਖੇ ਸ. ਜਸਬੀਰ ਸਿੰਘ ਸਿੰਧੂ ਪੁੱਤਰ ਸ. ਨਿਧਾਨ ਸਿੰਘ ਜੁਝਾਰ ਨਗਰ ਪਟਿਆਲਾ, ਅਮਮਿੰਦਰਪਾਲ ਸਿੰਘ ਪੁੱਤਰ ਗੁਰਬਖਸ਼ ਸਿੰਘ ਸਿੱਧੂ ਖਾਲਸਾ ਬਾਗ ਵਿਖੇ ਚਰਨ ਪਾਉਣ ਉਪਰੰਤ ਸ੍ਰੀ ਭੈਣੀ ਸਾਹਿਬ ਲਈ ਵਾਪਸੀ ਕੀਤੀ। **ਸੂਬਾ ਬਲਵਿੰਦਰ ਸਿੰਘ ਝੱਲ**

.......................................................

## ਮਾਤਾ ਜਸਵੰਤ ਕੌਰ ਜੀ ਨਮਿਤ ਮੇਲਾ

5-5-2026 ਜਮਨਾ ਨਗਰ ਨਾਮਧਾਰੀ ਧਰਮ ਸ਼ਾਲਾ ਪੁਰਾਣਾ ਹਮੀਦਾ ਵਿਖੇ ਮਾਤਾ ਜਸਵੰਤ ਕੌਰ ਜੀ ਨਮਿੱਤ ਰਖੇ ਸਧਾਰਨ ਪਾਠ ਦਾ ਭੋਗ ਮੇਲੇ ਦੇ ਰੂਪ ਮਨਾਇਆ ਜੋ ਕਿ 94 ਸਾਲ ਦੀ ਉਮਰ ਵਿਚ ਆਪਣੇ ਸਵਾਸਾਂ ਦੀ ਪੂੰਜੀ ਸਮਾਪਤ ਕਰਕੇ ਅਕਾਲ ਪੁਰਬ ਦੇ ਚਰਨਾਂ ਵਿਚ ਜਾ ਬਿਰਾਜੇ ਮਾਤਾ ਜੀ ਜੋ ਕਿ ਨਾਮਧਾਰੀ ਪਰਿਵਾਰ ਵਿਚੋਂ ਸਨ ਭਾਵੇਂ ਉਹਨਾਂ ਦਾ ਅਨੰਦ ਕਾਰਜ ਇਕ ਖੁੱਲ੍ਹੇ ਪਰਿਵਾਰ ਵਿਚੋਂ ਸ. ਅਮਰ ਸਿੰਘ ਜੀ ਨਾਲ ਹੋਇਆ ਪਰ ਉਹਨਾਂ ਨੇ ਆਪਣੇ ਪਰਿਵਾਰ ਨੂੰ ਨਾਮਧਾਰੀ ਪੰਥ ਨਾਲ ਜੋੜ ਕੇ ਰੱਖਿਆ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਲੈ ਕੇ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਨੇ ਸਿੱਦਕ ਤੇ ਭਰੋਸਾ ਰੱਖਿਆ। ਮਾਤਾ ਜੀ ਦੇ ਪਰਿਵਾਰ ਵਿਚੋਂ ਉਨ੍ਹਾਂ ਦੇ ਘਰ 5



ਬੇਟਿਆ ਤੇ 2 ਬੇਟੇ ਪੈਦਾ ਹੋਏ ਵੱਡਾ ਬੇਟਾ ਲਖਵਿੰਦਰ ਸਿੰਘ ਤੇ ਛੋਟਾ ਬੇਟਾ ਜਸਪਾਲ ਸਿੰਘ ਜੋ ਕਿ ਜਵਾਨੀ ਦੀ ਅਵਸਥਾ ਵਿਚ ਹੀ ਚੜਾਈ ਕਰ ਗਏ ਸੀ ਪਰ ਉਨ੍ਹਾਂ ਨੇ ਅਕਾਲ ਪੁਰਖ ਦੇ ਭਾਣੇ ਨੂੰ ਸੱਚ ਕਰ ਮੰਨਿਆ ਜਦੋਂ ਪਤੀ ਅਮਰ ਸਿੰਘ ਜੀ ਚੜਾਈ ਕਰ ਗਏ ਤਾਂ ਪਰਿਵਾਰ ਦੀ ਜ਼ਿੰਮੇਵਾਰੀ ਧਿਰ ਤੇ ਪੈ ਗਈ ਤੇ ਆਪ ਜੀ ਨੇ ਸ਼ਹਿਰ ਦੇ ਇਕ ਵੱਡੇ ਹਸਪਤਾਲ ਵਿਚ ਨਰਸ ਦੀ ਨੌਕਰੀ ਵੀ ਕੀਤੀ ਤੇ ਹਿੰਮਤ ਨਹੀਂ ਹਾਰੀ। ਪੂਰੀ ਜ਼ਿੰਦਗੀ ਪਰਿਵਾਰ ਦਾ ਪਾਲਨ ਪੋਸ਼ਣ ਕੀਤਾ ਤੇ ਸਤਿਗੁਰੂ ਜੀ ਦੇ ਚਰਨਾਂ ਤੇ ਭਰੋਸਾ ਰੱਖਿਆ। ਮਾਤਾ ਜੀ ਨੇ ਬੜਾ ਸਾਧਾ ਜੀਵਨ ਗੁਰਸਿੱਖੀ ਜੀਵਨ ਬਤੀਤ ਕੀਤਾ ਜਦੋਂ ਵੀ ਸਮਾਂ ਮਿਲਨਾ ਤੇ ਆਪ ਜੀ ਨੇ ਮਾਲਾ ਬਣਾਉਣੀਆ ਤੇ ਇਕਠੀਆਂ ਕਰਦੇ ਹਨ। ਜਦੋਂ ਜੱਪ ਪ੍ਰਯੋਗ ਦੀ ਅਰੰਭਤਾ ਹੋਈ ਤੇ ਭੈਣੀ ਸਾਹਿਬ ਮਾਲਾ ਲੈ ਜਾਣੀਆਂ ਤੇ ਉਥੇ ਹੀ ਵੰਡ ਦੇਣੀਆਂ। ਇਹ ਮਾਤਾ ਜੀ ਦਾ ਹਰ ਸਾਲ ਇਹੋ ਹੀ ਕਰਮ ਹੁੰਦਾ ਸੀ ਸੇਵਾ ਕਰਨੀ ਤੇ ਸਿਮਰਨ ਕਰਨਾ ਪੂਰਾ ਮਹੀਨਾ ਭਰ ਸ੍ਰੀ ਭੈਣੀ ਸਾਹਿਬ ਹੀ ਰਹਿਣਾ। ਉਨ੍ਹਾਂ ਦੀ ਯਾਦ ਵਿਚ ਦਿਨ ਮੰਗਲਵਾਰ 5-5-2026 ਨੂੰ ਮੇਲਾ ਮਨਾਇਆ ਗਿਆ। ਇਸ ਮੇਲੇ ਤੇ ਜਥੇਦਾਰ ਨਿਸ਼ਾਨ ਸਿੰਘ ਦਿੱਲੀ ਵਾਲੇ ਕਥਾਵਾਚਕ ਸੰਤ ਨਿਸ਼ਾਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਤੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਜਥੇ ਸਮੇਤ ਹਾਜ਼ਰੀ ਲਵਾਉਣ ਲਈ ਪਹੁੰਚੇ ਸਨ। ਕਥਾਵਾਚਕ ਨਿਸ਼ਾਨ ਸਿੰਘ ਜੀ ਨੇ ਵੀ ਆਪਣੀ ਹਾਜਰੀ ਲਵਾਈ। ਦੁਪਹਿਰ 12 ਵਜੇ ਦੇ ਕਰੀਬ ਸਤਿਗੁਰੂ ਉਦੇ ਸਿੰਘ ਜੀ ਨੇ ਦਰਸ਼ਨ ਦਿੱਤੇ। ਉਪਰੰਤ ਨੌਵੇ ਮੁਹੱਲੇ ਦੇ ਸਲੋਕ ਪੜ੍ਹੇ ਗਏ। ਇਕ ਬੱਚੇ ਨੂੰ ਦਸਤਾਰ ਸਜਾਈ ਗਈ ਤੇ ਫਿਰ ਸੂਬਾ ਬਲਵਿੰਦਰ ਸਿੰਘ ਝੱਲ ਨੇ ਮੇਲੇ ਦੀ ਸਮਾਪਤੀ ਦੀ ਅਰਦਾਸ ਕੀਤੀ। ਉਸ ਤੋਂ ਬਾਅਦ ਗੁਰੂ ਕਾ ਲੰਗਰ ਅਤੁੱਟ ਵਰਤਿਆ। ਵਾਪਸੀ ਸਮੇਂ ਸਤਿਗੁਰੂ ਜੀ ਨੇ ਸੰਤ ਸੰਪੂਰਨ ਸਿੰਘ ਤੇ ਸੰਤ ਗੁਰਨਾਮ ਸਿੰਘ ਜੀ ਦੇ ਘਰ ਚਰਨ ਪਾਏ। ਸੰਤ ਜੁਗਿੰਦਰ ਸਿੰਘ ਦੀ ਨਵੀਂ ਬਣੀ ਕੋਠੀ ਵਿਚ ਵੀ ਚਰਨ ਪਾ ਕੇ ਖੁਸ਼ੀਆਂ ਦਿੱਤੀਆ। **ਗੁਰਚਰਨ ਸਿੰਘ ਕਿਆਂਪੁਰੀਆ**

# ਜੰਗ-ਏ-ਆਜ਼ਾਦੀ ਦੇ ਤੱਥਮੂਲਕ ਇਤਿਹਾਸਕ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਭਾਵਭਿੰਨੀ ਸ਼ਰਧਾਂਜਲੀ

**ਨਾਮਧਾਰੀ ਦਰਬਾਰ ਵੱਲੋਂ ਸੁਵਰਨ ਸਿੰਘ ਵਿਰਕ ਅਤੇ ਨਾਮਧਾਰੀ ਸੰਗਤ ਨੇ ਹਾਜ਼ਰੀ ਲੁਆਈ**

ਚੰਡੀਗੜ੍ਹ, 24 ਮਈ-'ਜੰਗ-ਏ- ਆਜ਼ਾਦੀ ਦੇ ਤੱਥਮੂਲਕ ਇਤਿਹਾਸਕਾਰ ਤੇ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਲੁਧਿਆਣਾ ਵਿਚ ਲੰਮਾ ਸਮਾਂ ਹਿਊਮੈਨੇਟੀਜ਼ ਦੇ ਪ੍ਰੋਫ਼ੈਸਰ ਰਹੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜਿਨ੍ਹਾਂ ਦਾ 9 ਮਈ ਨੂੰ ਦਿਹਾਂਤ ਹੋ ਗਿਆ ਸੀ, ਨਮਿਤ ਯਾਦਗਾਰੀ ਸਮਾਗਮ ਪੀਪਲਜ਼ ਕਨਵੈਨਸ਼ਨ ਸੈਂਟਰ ਵਿਖੇ ਕਰਵਾਇਆ ਗਿਆ। ਜਿਸ 'ਚ ਵਿਸ਼ੇਸ਼ ਤੌਰ 'ਤੇ 'ਅਜੀਤ' ਪ੍ਰਕਾਸ਼ਨ ਸਮੂਹ ਦੇ ਮੁੱਖ ਸੰਪਾਦਕ ਡਾ. ਬਰਜਿੰਦਰ ਸਿੰਘ ਹਮਦਰਦ ਸਮੇਤ ਵੱਖ-ਵੱਖ ਖੇਤਰ ਦੀਆਂ ਉੱਘੀਆਂ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨੂੰ ਆਪੋ ਆਪਣੇ ਸ਼ਬਦਾਂ ਰਾਹੀਂ ਯਾਦ ਕੀਤਾ। ਇਸ ਮੌਕੇ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਪ੍ਰੋ. ਵੜੈਚ ਨੇ ਆਪਣੀ ਪੂਰੀ ਜ਼ਿੰਦਗੀ ਦੇਸ਼ ਦੇ ਸ਼ਹੀਦਾਂ, ਗ਼ਦਰੀ ਬਾਬਿਆਂ ਅਤੇ ਆਜ਼ਾਦੀ ਘੁਲਾਟੀਆਂ ਦੇ ਇਤਿਹਾਸ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਲਈ ਸਮਰਪਿਤ ਕਰ ਦਿੱਤੀ। ਪ੍ਰੋ. ਵੜੈਚ ਸਿਰਫ਼ ਇਤਿਹਾਸ ਲਿਖਣ ਵਾਲੇ ਵਿਦਵਾਨ ਨਹੀਂ ਸਨ, ਸਗੋਂ ਇੱਕ ਮਿਸ਼ਨਰੀ ਸ਼ਖ਼ਸੀਅਤ ਸਨ, ਜਿਨ੍ਹਾਂ ਦੇ ਜੀਵਨ ਦਾ ਇਕੋ ਮਕਸਦ ਜੰਗ-ਏ-ਆਜ਼ਾਦੀ ਦੇ ਸੂਰਬੀਰਾਂ ਦੀ ਜੋਤ ਨੂੰ ਸਦਾ ਜਗਦੀ ਰੱਖਣਾ ਸੀ। ਆਪਣੇ ਸੰਬੋਧਨ ਦੌਰਾਨ ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਉਨ੍ਹਾਂ ਦਾ ਪ੍ਰੋ. ਵੜੈਚ ਨਾਲ ਸਬੰਧ ਸਿਰਫ਼ ਜਾਣ-ਪਛਾਣ ਤੱਕ ਸੀਮਤ ਨਹੀਂ ਸੀ, ਸਗੋਂ ਡੂੰਘੀ ਪਰਿਵਾਰਕ ਨੇੜਤਾ ਤੇ ਆਤਮਿਕ ਸਾਂਝ ਵਾਲਾ ਸੀ। ਉਨ੍ਹਾਂ ਕਿਹਾ ਕਿ ਮੇਰੇ ਲਈ ਹਰ ਵਾਰ ਉਨ੍ਹਾਂ ਦੀ ਸੰਗਤ ਨਵੀਂ ਊਰਜਾ ਤੇ ਦ੍ਰਿੜ੍ਹਤਾ ਦਾ ਸਰੋਤ ਬਣਦੀ ਸੀ। ਉਨ੍ਹਾਂ ਦੱਸਿਆ ਕਿ ਪ੍ਰੋ: ਵੜੈਚ ਦੇ ਭਾਣਜੇ ਤੇ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਰਾਹੀਂ ਹੀ ਉਨ੍ਹਾਂ ਨੂੰ ਪ੍ਰੋ. ਵੜੈਚ ਦੀ ਸੰਗਤ ਪ੍ਰਾਪਤ ਹੋਈ ਅਤੇ ਬਾਅਦ ਵਿਚ ਕਈ ਸਮਾਜਿਕ ਅਤੇ ਪਰਿਵਾਰਕ ਸਮਾਗਮਾਂ ਦੌਰਾਨ ਉਨ੍ਹਾਂ ਨਾਲ ਲੰਮਾ ਸਮਾਂ ਬਿਤਾਉਣ ਦਾ ਮੌਕਾ ਮਿਲਿਆ। ਡਾ. ਬਰਜਿੰਦਰ ਸਿੰਘ ਹਮਦਰਦ ਨੇ ਕਿਹਾ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਬਹੁਤ ਘੱਟ ਅਜਿਹੀਆਂ ਸ਼ਖ਼ਸੀਅਤਾਂ ਆਈਆਂ, ਜਿਨ੍ਹਾਂ ਨੇ ਉਨ੍ਹਾਂ ਨੂੰ ਹਰ ਪੱਖੋਂ ਪ੍ਰਭਾਵਿਤ ਕੀਤਾ ਹੋਵੇ ਤੇ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਉਨ੍ਹਾਂ ਵਿਚੋਂ ਇਕ ਸਨ। ਡਾ. ਹਮਦਰਦ ਨੇ ਗੁਰਭਜਨ ਗਿੱਲ ਵਲੋਂ ਪ੍ਰੋ. ਵੜੈਚ ਦੇ ਜੀਵਨ ਅਤੇ ਯੋਗਦਾਨ 'ਤੇ ਤਿਆਰ ਕੀਤੀ ਗਈ ਪੁਸਤਕ ਦੀ ਵੀ ਸਰਾਹਨਾ ਕੀਤੀ ਤੇ ਕਿਹਾ ਕਿ ਇਹ ਉਨ੍ਹਾਂ ਲਈ ਸੱਚੀ ਤੇ ਸੁੱਚੀ ਸ਼ਰਧਾਂਜਲੀ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਵੜੈਚ ਦਾ ਜੀਵਨ ਬਹੁਤ ਸਫ਼ਲ ਤੇ ਉਦਾਹਰਨਯੋਗ ਸੀ, ਕਿਉਂਕਿ ਪ੍ਰੋ. ਵੜੈਚ ਨੇ ਆਪਣੇ ਮਿਸ਼ਨ ਨੂੰ ਹੀ ਆਪਣੀ ਜ਼ਿੰਦਗੀ ਦਾ ਉਦੇਸ਼ ਬਣਾਈ ਰੱਖਿਆ।






ਉਨ੍ਹਾਂ ਇੱਕ ਹੋਰ ਯਾਦ ਸਾਂਝੀ ਕਰਦਿਆਂ ਦੱਸਿਆ ਕਿ ਜਦੋਂ ਸਰਕਾਰ ਵਲੋਂ ਉਨ੍ਹਾਂ ਨੂੰ 'ਜੰਗ-ਏ-ਆਜ਼ਾਦੀ' ਦੇ ਇਤਿਹਾਸ ਨਾਲ ਸਬੰਧਿਤ ਯਾਦਗਾਰ ਤਿਆਰ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਪ੍ਰੋ. ਵੜੈਚ ਦੀ ਯਾਦ ਆਈ। ਪ੍ਰੋ. ਵੜੈਚ ਨੇ ਨਾ ਸਿਰਫ਼ ਉਨ੍ਹਾਂ ਨੂੰ ਹੌਸਲਾ ਦਿੱਤਾ, ਸਗੋਂ ਕਈ ਅਹਿਮ ਕਿਤਾਬਾਂ ਅਤੇ ਹਵਾਲਾ ਸਮੱਗਰੀ ਵੀ ਦਿੱਤੀ। ਡਾ. ਹਮਦਰਦ ਨੇ ਕਿਹਾ ਕਿ ਪ੍ਰੋ. ਵੜੈਚ ਜਿੰਨੇ ਵੱਡੇ ਵਿਦਵਾਨ ਸਨ, ਉਨ੍ਹਾਂ ਹੀ ਨਿੱਘੇ, ਸਾਦਗੀ ਪਸੰਦ ਅਤੇ ਪਿਆਰ ਕਰਨ ਵਾਲੇ ਇਨਸਾਨ ਵੀ ਸਨ। ਆਪਣੇ ਵਿਦਿਆਰਥੀਆਂ ਅਤੇ ਸਾਥੀਆਂ ਵਿਚ ਉਹ ਹਮੇਸ਼ਾਂ ਨਵੀਂ ਸੋਚ ਅਤੇ ਵਿਸ਼ੇਸ਼ ਊਰਜਾ ਭਰਦੇ ਰਹੇ। ਆਖ਼ਰ ਵਿਚ ਉਨ੍ਹਾਂ

ਕਿਹਾ ਕਿ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਵਰਗੀਆਂ ਸ਼ਖ਼ਸੀਅਤਾਂ ਸਰੀਰਕ ਤੌਰ 'ਤੇ ਭਾਵੇਂ ਸਾਡੇ ਵਿੱਚ ਨਹੀਂ ਰਹਿੰਦੀਆਂ, ਪਰ ਉਨ੍ਹਾਂ ਦੀ ਸੋਚ, ਉਨ੍ਹਾਂ ਦਾ ਮਿਸ਼ਨ ਤੇ ਉਨ੍ਹਾਂ ਦੀ ਪ੍ਰੇਰਣਾ ਸਦਾ ਸਮਾਜ ਨੂੰ ਰਾਹ ਦਿਖਾਉਂਦੀ ਰਹਿੰਦੀ ਹੈ।

ਇਸ ਮੌਕੇ ਬੋਲਦਿਆਂ ਪ੍ਰੋ. ਵੜੈਚ ਦੇ ਵਿਦਿਆਰਥੀ ਤੇ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ. ਜਗਮੋਹਨ ਸਿੰਘ ਨੇ ਕਿਹਾ ਕਿ 6 ਜੂਨ 1966 ਨੂੰ ਪਿੰਡ ਭਕਨਾ ਵਿਖੇ ਬਾਬਾ ਸੋਹਨ ਸਿੰਘ ਭਕਨਾ ਨਾਲ ਹੋਈ ਮੁਲਾਕਾਤ ਨੇ ਸਾਡਾ ਜੀਵਨ ਆਦਰਸ਼ ਮਿਥਿਆ ਅਤੇ ਮੇਰੇ ਨਾਨੀ ਜੀ ਤੇ ਸ਼ਹੀਦ ਭਗਤ ਸਿੰਘ ਜੀ ਦੇ ਮਾਤਾ ਜੀ, ਸਤਿਕਾਰਯੋਗ ਵਿਦਿਆਵਤੀ ਦੀ ਸਰਪ੍ਰਸਤੀ ਹੇਠ, ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਅਤੇ ਸਾਥੀਆਂ ਨੇ ਜਲੰਧਰ ’ਚ ਯੁਵਕ ਕੇਂਦਰ ਦੀ ਸਥਾਪਨਾ ਕੀਤੀ, ਜਿਸ ’ਚ ਸਾਡੇ ਨਾਲ ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਡਾ. ਬਰਜਿੰਦਰ ਸਿੰਘ ਹਮਦਰਦ, ਡਾ. ਐਸ.ਪੀ. ਸਿੰਘ ਸਾਬਕਾ ਉਪ ਕੁਲਪਤੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪ੍ਰਿੰਸੀਪਲ ਜਸਵੰਤ ਸਿੰਘ ਗਿੱਲ, ਪ੍ਰਿੰਸੀਪਲ ਮਨੋਹਰ ਸਿੰਘ ਪਰਮਾਰ ਅਤੇ ਹੋਰ ਸਾਥੀਆਂ ਨੇ ਸ਼ਹੀਦਾਂ ਦੇ ਜੀਵਨ, ਸੁਫ਼ਨਿਆਂ ਅਤੇ ਆਦਰਸ਼ਾਂ ਨੂੰ ਪਿੰਡ ਪਿੰਡ ਪਹੁੰਚਾਉਣ ’ਚ ਪਹਿਲਕਦਮੀ ਕੀਤੀ। ਪੰਜਾਬੀ ਲੋਕ ਵਿਰਾਸਤ ਅਕੈਡਮੀ ਦੇ ਚੇਅਰਮੈਨ ਪ੍ਰੋ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਪ੍ਰੋ. ਵੜੈਚ ਸਿਰਫ਼ ਜੰਗ-ਏ-ਆਜ਼ਾਦੀ ਲਹਿਰਾਂ ਦੇ ਇਤਿਹਾਸਕਾਰ ਹੀ ਨਹੀਂ ਸਨ ਸਗੋਂ ਵਰਤਮਾਨ ਅਨਿਆਂ ਤੇ ਜਬਰ ਜ਼ੁਲਮ ਦੇ ਖਿਲਾਫ਼ ਸੋਚਣ ਸਮਝਣ ਅਤੇ ਵਿਸ਼ਲੇਸ਼ਣ ਕਰਨ ਵਾਲੀ ਜਵਾਨੀ ਦੇ ਰਾਹ ਦਸੇਰਾ ਵੀ ਸਨ। ਇਨ੍ਹਾਂ ਤੋਂ ਇਲਾਵਾ ਸਮਾਗਮ ਨੂੰ ਹਰੀਸ਼ ਜੈਨ, ਪ੍ਰਸਿੱਧ ਲੇਖਕ ਡਾ. ਸਵਰਾਜਬੀਰ, ਅਮੋਲਕ ਸਿੰਘ, ਸੁਰਿੰਦਰ ਮੋਹਨ ਸਿੰਘ ਸੰਧੂ, ਡਾ. ਗੁਰਦੇਵ ਸਿੰਘ ਸਿੱਧੂ, ਮਨੋਹਰ ਸਿੰਘ ਚੁੱਘਾਂ (ਮੋਗਾ) ਤੋਂ ਇਲਾਵਾ ਸਿਡਨੀ (ਆਸਟ੍ਰੇਲੀਆ) ਤੋਂ ਆਨਲਾਈਨ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਬੇਸ਼ਕ ਪ੍ਰੋ. ਵੜੈਚ ਜਿਸਮਾਨੀ ਤੌਰ 'ਤੇ ਸਾਡੇ ਵਿਚਕਾਰ ਨਹੀਂ ਰਹੇ, ਪਰ ਉਨ੍ਹਾਂ ਦਾ ਨਿੱਘ, ਉਨ੍ਹਾਂ ਦੀਆਂ ਲਿਖਤਾਂ, ਉਨ੍ਹਾਂ ਦੀ ਮੁਹੱਬਤ ਤੇ ਵਿਚਾਰ ਧਾਰਾ ਭਵਿੱਖ 'ਚ ਵੀ ਸਾਡਾ ਮਾਰਗ ਦਰਸ਼ਨ ਕਰਦੀ ਰਹੇਗੀ।

ਪ੍ਰੋ. ਵੜੈਚ ਨੂੰ ਨਾਮਧਾਰੀ ਦਰਬਾਰ ਵੱਲੋਂ ਸ਼ਰਧਾਂਜਲੀ ਭੇਂਟ ਕਰਦਿਆਂ ਕਾ. ਸੁਵਰਨ ਸਿੰਘ ਵਿਰਕ ਨੇ ਕਿਹਾ ਕਿ ਜਿਹਨਾਂ ਲੋਕਾਂ ਦੇ ਪਰਿਵਾਰਿਕ ਮੈਂਬਰ 1947 ਦੀ ਖੂਨੀ ਵੰਡ ਦਾ ਸ਼ਿਕਾਰ ਹੋਏ ਉਹ ਅਕਸਰ ਕੱਟੜਵਾਦੀ ਸੋਚ ਦੇ ਧਾਰਨੀ ਹੋ ਗਏ ਸਨ ਪਰ ਪ੍ਰੋ. ਵੜੈਚ ਇਸ ਦਾ ਅਪਵਾਦ ਬਣੇ। ਉਹ ‘ਸਭੇ ਸਾਂਝੀਵਾਲ ਸਦਾਇਨ’ ਵਾਲੀ ਸੋਚ ਤੇ ਹੀ ਚੱਲੇ। ਉਹਨਾਂ ਦਾ ਬਾਬਾ ਸੋਹਨ ਸਿੰਘ ਭਕਨਾ ਨਾਲ ਮਿਲਾਪ, ਉਹਨਾਂ ਦੇ ਭਾਵੀ ਜੀਵਨ ਨੂੰ ਢਾਲਣ ਵਾਲਾ ਸੀ। ਬਾਬਾ ਭਕਨਾ ਜੀ ਇਕ ਨਾਮਧਾਰੀ ਸੰਤ ਬਾਬਾ ਕੇਸਰ ਸਿੰਘ ਮੁਹਾਵਾ ਦੇ ਜਮਹੂਰੀ ਅਤੇ ਅਫਿਰਕੂ ਵਿਚਾਰਾਂ ਤੋਂ ਪ੍ਰੇਰਿਤ ਹੋ ਕੇ ਪ੍ਰਭੂ ਭਗਤੀ ਤੋਂ ਲੋਕ ਭਗਤੀ ਵੱਲ ਅੱਗੇ ਵਧੇ। ਮਲੇਰਕੋਟਲੇ ਵਾਲੇ 66 ਨਾਮਧਾਰੀ ਸ਼ਹੀਦਾਂ ਦੀ ਪ੍ਰਮਾਣਿਕ ਸੂਚੀ ਸਟੇਟ ਆਰਕਾਈਵਜ਼ ਪਟਿਆਲਾ ਵਿਚੋਂ ਲੱਭ ਕੇ ਵੜੈਚ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਉਹਨਾਂ ਦੇ ਜ਼ਿੰਮੇਂ ਲਾਇਆ ਕਾਰਜ ਪੂਰਾ ਕਰਕੇ, ਖੁਸ਼ੀਆਂ ਲਈਆਂ। ਵੜੈਚ ਸਾਹਿਬ ਨੇ ਪੰਜਾਬ ਹਰਿਆਣਾ ਹਾਈਕੋਰਟ ਵਿਚ ਜਨ ਹਿੱਤ ਯਾਚਿਕਾ ਦਾਇਰ ਕਰਕੇ ਕੂਕਾ ਲਹਿਰ, ਗ਼ਦਰ ਲਹਿਰ ਅਤੇ ਕਾਮਾਗਾਟਾ ਮਾਰੂ ਸਾਕੇ ਦੇ ਸ਼ਹੀਦਾਂ ਨੂੰ ਆਜ਼ਾਦੀ ਸੰਗਰਾਮ ਦੀਆਂ ਲਹਿਰਾਂ ਦਾ ਦਰਜਾ ਦੁਆਕੇ, ਉਹਨਾਂ ਦੀਆਂ ਅੰਗਰੇਜ਼ ਸਰਕਾਰ ਵਲੋਂ ਜ਼ਬਤ ਜਾਇਦਾਦਾਂ ਦਾ ਮੁਆਵਜ਼ਾ ਵੀ ਵਾਰਿਸਾਂ ਨੂੰ ਦੁਆਉਣ ਦਾ ਰਾਹ ਖੋਹਲਿਆ। ਉਹ ਸ਼ਹੀਦਾਂ ਦੇ ਸੁਪਨਿਆਂ ਦਾ ਦੇਸ਼ ਬਨਾਉਣ ਲਈ ਉਹਨਾਂ ਦੀਆਂ ਲਿਖਤਾਂ, ਅਜੋਕੀ ਪੀੜ੍ਹੀ ਤੱਕ ਪੁਚਾਉਣ ਦਾ ਵੱਡਾ ਕਾਰਜ ਕਰ ਗਏ ਹਨ। ਸਤਿਗੁਰੂ ਉਦੇ ਸਿੰਘ ਜੀ ਨੇ ਪ੍ਰੋਫੈਸਰ ਸਾਹਿਬ ਦੇ ਚਲਾਣੇ ਤੇ ਪਰਿਵਾਰ ਨੂੰ ਸ਼ੋਕ ਸੰਦੇਸ਼ ਭੇਜਿਆ ਅਤੇ ਉਹਨਾਂ ਦੇ ਹੁਕਮ ਤੇ ਨਾਮਧਾਰੀ ਸੰਗਤ ਨੇ ਸ਼ਰਧਾਂਜਲੀ ਸਮਾਗਮ ਵਿਚ ਭਰਵੀਂ ਹਾਜ਼ਰੀ ਲੁਆਈ।

ਇਸ ਤੋਂ ਪਹਿਲਾਂ ਉੱਘੇ ਵਿਦਵਾਨ ਅਤੇ ਸਟੇਜ ਸਕੱਤਰ ਸੁਖਦੇਵ ਸਿੰਘ ਸਿਰਸਾ ਨੇ ਸਾਰਿਆਂ ਨੂੰ ਜੀ-ਆਇਆਂ ਕਹਿੰਦਿਆਂ ਪ੍ਰੋ. ਵੜੈਚ ਦੀ ਜੀਵਨੀ ਦੇ ਵੱਖ-ਵੱਖ ਪਹਿਲੂਆਂ ਬਾਰੇ ਚਾਨਣਾ ਪਾਇਆ। ਇਸ ਸਮਾਗਮ ਦੌਰਾਨ ਪ੍ਰੋ. ਗੁਰਭਜਨ ਗਿੱਲ ਵਲੋਂ ਪ੍ਰੋ. ਵੜੈਚ ਦੀ ਜੀਵਨੀ ਬਾਰੇ ਸੰਪਾਦਿਤ ਕੀਤੀ ਪੁਸਤਕ 'ਸਿਮਰਤੀ ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ' ਪ੍ਰਧਾਨਗੀ ਮੰਡਲ ਵਿਚ ਸ਼ਾਮਿਲ ਡਾ. ਬਰਜਿੰਦਰ ਸਿੰਘ ਹਮਦਰਦ, ਐਡਵੋਕੇਟ ਰਾਜਿੰਦਰ ਸਿੰਘ ਚੀਮਾ, ਪ੍ਰੋ. ਵੜੈਚ ਦੀ ਇਕਲੌਤੀ ਬੇਟੀ ਡਾ. ਮਿੰਨਾ ਜਾਖੜ ਤੇ ਸੁਖਦੇਵ ਸਿੰਘ ਸਿਰਸਾ ਵਲੋਂ ਲੋਕਅਰਪਣ ਕੀਤੀ ਗਈ।

ਸਮਾਗਮ ਦੇ ਅੰਤ 'ਚ ਪ੍ਰੋ. ਵੜੈਚ ਦੇ ਭਾਣਜੇ ਤੇ ਸੀਨੀਅਰ ਐਡਵੋਕੇਟ ਰਾਜਿੰਦਰ ਸਿੰਘ ਚੀਮਾ ਨੇ ਆਏ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਐਲਾਨ ਕੀਤਾ ਕਿ

ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਨਾਲ ਸਬੰਧਿਤ ਯਾਦਾਂ, ਉਨ੍ਹਾਂ ਦੇ ਕਾਰਜ਼ਾਂ ਬਾਰੇ ਲਿਖ਼ਤ ਸਮੱਗਰੀ ਨੂੰ 3 ਮਹੀਨਿਆਂ ਦੇ ਅੰਦਰ-ਅੰਦਰ ਮੁਹੱਈਆ ਕਰਵਾਈ ਜਾਵੇ ਤਾਂ ਜੋ ਉਸ ਨੂੰ ਸਿਮਰਤੀ ਗ੍ਰੰਥ ਦੇ ਤੌਰ 'ਤੇ ਸੰਭਾਲਿਆ ਜਾਵੇ।

**ਸੰਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ**

**ਪ੍ਰੋ. ਮਲਵਿੰਦਰਜੀਤ ਸਿੰਘ ਵੜੈਚ ਜੀ ਨੇ ਆਪਣੀਆਂ ਖੋਜ ਭਰਪੂਰ ਲਿਖਤਾਂ, ਕਾਨੂੰਨੀ ਸੰਘਰਸ਼ ਅਤੇ ਲਗਾਤਾਰ ਸਮਰਪਿਤ ਭਾਵਨਾ ਰਾਹੀਂ ਨਾਮਧਾਰੀ ਸੰਪ੍ਰਦਾਇ ਅਤੇ ਗ਼ਦਰ ਲਹਿਰ ਦੇ ਮਾਨਵਤਾਵਾਦੀ, ਕੌਮੀ, ਕੌਮਾਂਤਰੀ ਅਤੇ ਅਗਾਂਹਵਧੂ ਚਰਿੱਤਰ ਨੂੰ ਪ੍ਰਮਾਣਿਕ ਇਤਿਹਾਸਕ ਸਰੋਤਾਂ ਦੇ ਹਵਾਲੇ ਨਾਲ ਪੰਜਾਬੀ ਭਾਈਚਾਰੇ ਦੀ ਸੋਚ ਦਾ ਹਿੱਸਾ ਬਣਾਉਣ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਪੰਜਾਬ ਦੇ ਇਤਿਹਾਸ ਦੀ ਖੋਜ ਲਈ ਉਹਨਾਂ ਦੀ ਦੇਣ ਅਦੁੱਤੀ ਹੈ।**

ਇਸ ਮੌਕੇ ਐਡਵੋਕੇਟ ਮਨਜੀਤ ਸਿੰਘ ਖਹਿਰਾ, ਕਾਮਰੇਡ ਹਰਦੇਵ ਸਿੰਘ ਅਰਸ਼ੀ ਸਾਬਕਾ ਵਿਧਾਇਕ, ਪ੍ਰੋ. ਹਰਦੇਵ ਸਿੰਘ ਵਿਰਕ, ਸੀਤਾ ਰਾਮ ਬਾਂਸਲ, ਪ੍ਰਸਿੱਧ ਗੀਤਕਾਰ: ਸ਼ਮਸ਼ੇਰ ਸੰਧੂ, ਲੋਕ ਗਾਇਕ ਹਰਦੀਪ ਸਿੰਘ ਮੁਹਾਲੀ, ਅਦਾਕਾਰ ਦਰਸ਼ਨ ਔਲਖ, ਏ.ਐਸ. ਪਾਲ, ਡਾ. ਮੇਘਾ ਸਿੰਘ, ਸਾਬਕਾ ਵਿਧਾਇਕ ਨਾਜ਼ਰ ਸਿੰਘ ਮਾਨਸ਼ਾਹੀਆ, ਡਾ. ਰੌਣਕੀ ਰਾਮ, ਸੁਖਦਰਸ਼ਨ ਨੱਤ, ਨਵਦੀਪ ਸਿੰਘ ਗਿੱਲ, ਮਾਨਸਾ, ਪ੍ਰਸਿੱਧ ਪੱਤਰਕਾਰ ਬਲਜੀਤ ਬੱਲੀ, ਡਾ. ਚਮਨ ਲਾਲ, ਡਾ. ਹਰੀਸ਼ ਪੁਰੀ, ਯਸ਼ਪਾਲ ਵਰਗ ਚੇਤਨਾ, ਸ਼ਾਰਾਹ ਪੰਜਾਬ ਯੂਨੀਵਰਸਿਟੀ, ਰਣਜੀਤ ਸਿੰਘ ਔਲਖ, ਕਸਤੂਰੀ ਲਾਲ, ਸਵਦੇਸ਼ ਤਲਵਾਰ, ਜਸਬੀਰ ਸਮਰ, ਡਾ. ਜਗਤਾਰ ਸਿੰਘ ਜੋਗਾ, ਡਾ. ਜਸਪਾਲ ਸਿੰਘ ਪ੍ਰਿੰਸੀਪਲ, ਜਸਪਾਲ ਕੌਰ ਚੀਮਾ, ਜਸਵਿੰਦਰ ਕੌਰ ਗਿੱਲ, ਡਾ. ਗੁਰਸ਼ਮੀਰ ਸਿੰਘ, ਡਾ. ਮੁਕੇਸ਼ ਸੋਮਵਾਲ, ਸੁਰਿੰਦਰ ਕੁਮਾਰੀ ਕੋਛੜ, ਕਰਨਲ ਦਲਜੀਤ ਸਿੰਘ ਔਜਲਾ, ਰੁਪਿੰਦਰ ਕੌਰ ਔਜਲਾ, ਕੰਵਲਜੀਤ ਸਿੰਘ ਭਿੰਡਰ, ਗੁਰਤੇਜ ਸਿੰਘ ਵਧੀਕ ਕਮਿਸ਼ਨਰ (ਰਿਟ.), ਸੰਤ ਗੁਰਬਚਨ ਸਿੰਘ ਚੰਡੀਗੜ੍ਹ, ਸੰਤ ਹਰਪਾਲ ਸਿੰਘ ਸੇਵਕ, ਪ੍ਰਧਾਨ ਬਲਵਿੰਦਰ ਸਿੰਘ ਭਿੰਡਰ ਚੰਡੀਗੜ੍ਹ ਅਤੇ ਚੰਡੀਗੜ੍ਹ ਤੇ ਮੋਹਾਲੀ ਦੀ ਨਾਮਧਾਰੀ ਸੰਗਤ, ਡਾ. ਪੁਸ਼ਪਿੰਦਰ ਸਿੰਘ ਕੂਕਾ, ਸੁਖਵਿੰਦਰ ਸਿੰਘ ਲਾਇਲ ਅਤੇ ਸਾਥੀ ਲੁਧਿਆਣਾ, ਜਥੇਦਾਰ ਨਿਸ਼ਾਨ ਸਿੰਘ ਦਿੱਲੀ, ਸੰਤੋਖ ਸਿੰਘ ਲੱਡੀ ਇਤਿਆਦਿ ਹਾਜ਼ਰ ਸਨ।

**ਅਜੀਤ ਵਿਚੋਂ ਧੰਨਵਾਦ ਸਹਿਤ**

## ਸੇਵਕ ਕੀ ਓੜਕਿ ਨਿਬਹੀ ਪ੍ਰੀਤਿ॥

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਰਧਾਵਾਨ ਪਿਆਰੇ ਗੁਰਸਿੱਖ ਸੰਤ ਜੋਗਿੰਦਰ ਸਿੰਘ ਮਿਸਤਰੀ ਜੀ ਦਾ ਜਨਮ ਸੰਨ 1-9-1952 ਨੂੰ ਪਿਤਾ ਚੂਹੜ ਸਿੰਘ ਦੇ ਘਰ ਮਾਤਾ ਜਲ ਕੌਰ ਜੀ ਦੀ ਕੁੱਖੋਂ ਪਿੰਡ ਕੋਠਾ ਗੁਰੂ ਕਾ ਜਿਲ੍ਹਾ ਬਠਿੰਡਾ ਵਿਖੇ ਹੋਇਆ। ਆਪ ਜੀ ਦੇ ਪਿਤਾ ਉੱਚ ਕੋਟੀ ਦੇ ਕਵੀਸ਼ਰ ਤੇ ਪਾਠੀ ਸਨ। ਆਪ ਜੀ ਦੇ ਬੰਤ ਸਿੰਘ, ਮਹਿੰਦਰ ਸਿੰਘ, ਚੰਦ ਸਿੰਘ ਕਨੇਡਾ ਤਿੰਨ ਭਰਾ ਤੇ ਸੁਖਦੇਵ ਕੌਰ, ਬਚਿੱਤਰ ਕੌਰ ਦੋ ਭੈਣਾਂ ਹਨ। ਸੰਤ ਜੋਗਿੰਦਰ ਸਿੰਘ ਦਾ ਸਮੂਹ ਪਰਿਵਾਰ ਸ੍ਰੀ ਸਤਿਗੁਰੂ ਰਾਮ ਸਿੰਘ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਵੇਲੇ ਤੋਂ ਹੀ ਨਾਮਧਾਰੀ ਸਨ।



ਆਪ ਜੀ ਦੇ ਪਿੰਡਾਂ ਵੱਲੋਂ ਸੰਗਤ ਸੇਵਾ ਕਰਨ ਵਾਸਤੇ ਸ੍ਰੀ ਭੈਣੀ ਸਾਹਿਬ ਆਉਂਦੀ ਸੀ। ਮਾਤਾ ਚੰਦ ਕੌਰ ਜੀ ਨੇ ਸੰਤ ਜੋਗਿੰਦਰ ਸਿੰਘ ਨੂੰ ਕਿਹਾ "ਤੂੰ ਇੱਥੇ ਆ ਜਾ ਸ੍ਰੀ ਭੈਣੀ ਸਾਹਿਬ" ਤਿੰਨ ਵਾਰ ਮਾਤਾ ਜੀ ਨੇ ਸ੍ਰੀ ਭੈਣੀ ਸਾਹਿਬ ਰਹਿਣ ਲਈ ਕਿਹਾ ਪਰ ਨਹੀਂ ਮੰਨੇ ਫਿਰ ਐਕਸੀਡੈਂਟ ਹੋ ਗਿਆ। ਰਾਮਪੁਰਾ ਫੂਲ ਹਸਪਤਾਲ ਵਿੱਚ ਮਾਤਾ ਜੀ ਪਤਾ ਲੈਣ ਗਏ। ਡਾਕਟਰ ਤੋਂ ਖਰਚਾ ਪੁੱਛਿਆ ਤੇ ਬਚਨ ਕੀਤਾ ਇਸਦਾ ਸਾਰਾ ਖਰਚਾ ਅਸੀਂ ਦੇਵਾਂਗੇ। ਆਪ ਜੀ ਦੇ 2 ਪੁੱਤਰ ਮਨਪ੍ਰੀਤ ਸਿੰਘ ਮਨੀ, ਮੱਲ ਸਿੰਘ ਕਵੀਸ਼ਰ ਤੇ ਇੱਕ ਧੀ ਮਨਜੀਤ ਕੌਰ ਰਾਣੀ ਹੈ। ਜਨਵਰੀ ਮਹੀਨੇ ਵਿੱਚ ਰਾਮਪੁਰਾ ਫੂਲ ਵਾਲੇ ਸ਼ਹੀਦਾਂ ਦਾ ਮੇਲਾ ਸੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਾਤਾ ਚੰਦ ਕੌਰ ਜੀ ਮੇਲੇ ਵਿੱਚ ਦਰਸ਼ਨ ਦੇਣ ਵਾਸਤੇ ਗਏ।

ਸੰਤ ਜਗਿੰਦਰ ਸਿੰਘ ਵੀਲ ਚੇਅਰ ਤੇ ਇੱਕ ਥਾਂ ਬੈਠੇ ਰਹੇ। ਮੇਲੇ ਦੀ ਸਮਾਪਤੀ ਤੋਂ ਬਾਅਦ ਕੋਲੋਂ ਲੰਘਦਿਆਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਾਲ ਪੁੱਛਿਆ। ਸਤਿਗੁਰੂ ਜੀ ਨੇ ਕਿਹਾ "ਜੋਗਿੰਦਰ ਤੂੰ ਸ੍ਰੀ ਭੈਣੀ ਸਾਹਿਬ ਆ ਜਾ।" ਮਾਤਾ ਜੀ ਨੇ ਕਿਹਾ "ਤੂੰ ਮੇਰੀ ਗੱਲ ਨਹੀਂ ਮੰਨੀ ਹੁਣ ਸਤਿਗੁਰੂ ਜੀ ਦਾ ਹੁਕਮ ਮੰਨ ਕੇ ਤਾਂ ਆਵੇਗਾ ਹੀ।" ਲੱਤ ਦਾ ਇਲਾਜ ਕਰਵਾਇਆ ਮਾਤਾ ਜੀ ਨੇ ਬਹੁਤ ਧਿਆਨ ਰੱਖਿਆ।

ਫਿਰ ਸ੍ਰੀ ਭੈਣੀ ਸਾਹਿਬ ਆਣ ਕੇ ਆਪ ਜੀ ਨੇ ਪ੍ਰਤਾਪ ਮੰਦਰ, ਤਬੇਲਾ, ਚਾਰ ਮੰਜਲੀ ਤੇ ਤਕਰੀਬਨ ਸਾਰੀਆਂ ਬਿਲਡਿੰਗਾਂ ਦੀ ਉਸਾਰੀ ਸਮੇਂ ਰਾਜਗਿਰੀ ਦਾ ਕੰਮ ਸੇਵਾ ਕੀਤੀ। ਕੱਲਕੱਤੇ ਵਾਲੀ ਕੋਠੀ ਜਦੋਂ ਬਣੀ ਤਾਂ ਆਪ ਜੀ ਨੂੰ 11000 ਵੋਟ ਵਾਲੀ ਬਿਜਲੀ ਦਾ ਕਰੰਟ ਲੱਗਿਆ ਜਿਸਨੇ ਪੈਰਾਂ ਦੀ ਚਮੜੀ ਉਧੇੜ ਦਿੱਤੀ। ਬੇਹੋਸ਼ ਹੋ ਗਏ। ਬਚਨ ਦੀ ਕੋਈ ਉਮੀਦ ਨਾ ਰਹੀ, ਡਾਕਟਰਾਂ ਨੇ ਜਵਾਬ ਦੇ ਦਿੱਤਾ। ਮਾਤਾ ਚੰਦ ਕੌਰ ਜੀ ਨੇ ਅਰਜ ਕਰਨ ਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਬਚਨ ਕੀਤਾ ਇਸਨੂੰ ਮਿੱਟੀ ਵਿੱਚ ਦੱਬ ਦਿਓ, ਕੁਝ ਨਹੀਂ ਹੁੰਦਾ। ਲੰਮਾ ਸਮਾਂ ਮਿੱਟੀ ਵਿੱਚ ਦੱਬੇ ਰਹਿਣ ਤੋਂ ਬਾਅਦ ਆਪ ਜੀ ਨੂੰ ਹੋਸ਼ ਆ ਗਈ। ਸਭ ਹੈਰਾਨ ਰਹਿ ਗਏ। ਡਾਕਟਰ ਤੇ ਮੌਕੇ ਦਾ ਜੇ.ਈ. ਕਹਿਣ ਲੱਗਾ ਇਸ ਦੀ ਖੇਡ ਖਤਮ ਸੀ ਇਸਦੇ ਗੁਰੂ ਨੇ ਇਸ ਨੂੰ ਬਚਾ ਲਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਤ ਜੋਗਿੰਦਰ ਸਿੰਘ ਤੇ ਅਪਾਰ ਬਖਸ਼ਿਸ਼ ਸੀ। ਇਸ ਸਮੇਂ ਦੌਰਾਨ ਸੰਤ ਜਗਤਾਰ ਸਿੰਘ ਹੋਣਾਂ ਨੇ ਵੀ ਸੰਤ ਜੋਗਿੰਦਰ ਸਿੰਘ ਹੋਣਾਂ ਦਾ ਪੂਰਾ ਖਿਆਲ ਰੱਖਿਆ ਤੇ ਮਦਦ ਕੀਤੀ। ਆਪਣੇ ਪਿੰਡ ਕੋਠਾ ਗੁਰੂ ਕਾ ਵਿਖੇ ਜਦੋਂ ਕਿਸੇ ਦੇ ਘਰ ਕੰਮ ਕਰਨਾ ਤਾਂ ਪਹਿਲਾਂ ਸ਼ਰਤ ਰੱਖ ਲੈਣੀ ਕਿ ਜਦੋਂ ਮੈਨੂੰ ਸ੍ਰੀ ਭੈਣੀ ਸਾਹਿਬ ਤੋਂ ਸੁਨੇਹਾ ਆ ਗਿਆ, ਮੈਂ ਵਿੱਚੇ ਕੰਮ ਛੱਡ ਕੇ ਤੁਰ ਜਾਵਾਂਗਾ, ਵਾਪਸ ਆ ਕੇ ਤੁਹਾਡਾ ਰਹਿੰਦਾ ਕੰਮ ਕਰ ਦੇਵਾਂਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋ ਆਪ ਜੀ ਨੇ ਚਾਰ ਵਾਰੀ ਛੁੱਟੀ ਮੰਗੀ, ਹੁਕਮ ਹੋਇਆ ਛੁੱਟੀ ਨਹੀਂ ਮਿਲਣੀ ਜੋ ਤੈਨੂੰ ਚਾਹੀਦਾ ਦੱਸ? ਖੁਸ਼ੀਆਂ ਮੰਗੀਆਂ। ਸ੍ਰੀ ਸਤਿਗੁਰੂ ਜਗਜੀਤ ਸਿੰਘ ਅਤੇ ਮਾਤਾ ਚੰਦ ਕੌਰ ਜੀ ਦੇ ਦੇਹ ਦਾ ਓਹਲਾ ਕਰਨ ਤੋਂ ਬਾਅਦ ਆਪ ਜੀ ਦਾ ਮਨ ਉਦਾਸ ਹੋ ਗਿਆ ਖੁਸ਼ੀ ਗਮੀ ਵੇਲੇ ਸਾਰੀ ਉਮਰ ਸੰਤਾਂ ਦੀ ਅੱਖ ਵਿੱਚ ਹੰਜੂ ਨਹੀਂ ਆਏ ਪਰ ਮਾਤਾ ਜੀ ਦੇ ਦੇਹ ਦਾ ਓਹਲਾ ਕਰ ਜਾਣ ਦੀ ਖ਼ਬਰ ਸੁਣ ਕੇ ਸੰਤ ਰੋ ਪਏ। ਅੰਤਿਮ ਸਮੇਂ ਸ੍ਰੀ ਹਜੂਰ ਸਾਹਿਬ ਜੀ ਦੀ ਯਾਤਰਾ ਤੋਂ ਵਾਪਸ ਆਏ। ਸਰੀਰ ਕੁਝ ਢਿੱਲਾ ਜਾਪਿਆ ਆਪਣੇ ਪੁੱਤਰ ਮੱਲ ਸਿੰਘ ਨਾਲ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਬਿਰਧਸ਼ਾਲਾ ਪਾਸ ਦਰਸ਼ਨ ਕੀਤੇ। ਅਰਜ ਕੀਤੀ ਸਤਿਗੁਰੂ ਜੀ ਸਰੀਰ ਠੀਕ ਨਹੀਂ ਹੈ। ਹੁਕਮ ਹੋਇਆ ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵਿਚ ਦਿਖਾ ਲਓ। ਕੁਝ ਸਮਾਂ ਹਸਪਤਾਲ ਦਾਖਲ ਰਹਿਣ ਮਗਰੋਂ ਠੀਕ ਹੋ ਕੇ ਘਰ ਵਾਪਸ ਆ ਗਏ। ਸ੍ਰੀ ਸਤਿਗੁਰੂ ਉਦੇ ਸਿੰਘ ਨੇ ਮੋਢੇ ਤੇ ਹੱਥ ਰੱਖ ਕੇ ਥਾਪੜਾ ਦਿੱਤਾ। 18-5-2026 ਨੂੰ ਫਿਰ ਦਰਦ ਹੋਈ ਡਾਕਟਰ ਨੇ ਕਿਹਾ ਇਹਨਾਂ ਦੇ ਸਰੀਰ ਵਿੱਚ ਇਨਫੈਕਸ਼ਨ ਬਹੁਤ ਜਿਆਦਾ ਹੋ ਗਈ ਹੈ। ਫੇਫੜੇ ਠੀਕ ਨਹੀਂ ਸਨ। ਡਾਕਟਰ ਵੱਲੋਂ ਡਾਇਲਸਿਸ ਵੀ ਦੱਸੀ ਗਈ। ਚੜਾਈ ਕਰਨ ਤੋਂ ਕੁਝ ਸਮਾਂ ਪਹਿਲਾਂ ਆਪਣੇ ਪੁੱਤਰ ਮਲ ਸਿੰਘ ਨੂੰ ਆਖਿਆ ਸਭ ਦਾ ਖਿਆਲ ਰੱਖੀ। ਮਿਤੀ 19-5-2026 ਨੂੰ ਸਵੇਰੇ 8:20 ਮਿੰਟ ਤੇ ਸਰੀਰ ਤਿਆਗ ਦਿੱਤਾ। ਸਾਰੀ ਉਮਰ ਇੱਕ ਘੰਟਾ ਭਜਨ ਨਹੀਂ ਤਿਆਗਿਆ। ਕਠਨ ਸੇਵਾ ਘਾਲਣਾ ਕਰਦਿਆਂ ਸੰਤ ਜੀ ਦਾ ਪੰਜ ਭੌਤਿਕ ਸਰੀਰ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਜਾ ਸਮਾ ਗਿਆ। 28-5-26 ਨੂੰ ਸ੍ਰੀ ਭੈਣੀ ਸਾਹਿਬ ਵਿਖੇ ਭੋਗ ਪਿਆ।

**ਗੁਰਸੇਵਕ ਸਿੰਘ ਢਿਲੋਂ**

# Matrimonial

**Name - Deep Singh Matharu**
Father Name- Manjeet Singh Matharu
Mother Name – Ravinder Kaur Matharu
Mother Got- Kaler
Date of Birth – 17-9-1997
Height - 5'7''
Education – B.Tech, Mechanical Automission
Residance – Nangle Dam
Workign – Bussiness Man
Number- 9816032261

**Name - Dev Raj Singh Narula**
D.O.B. - 19 March, 2000
Height - 5'10"
Education - B.Tech(Computer Science)
Occupation - Business(Corrugated Boxes Manufacturer)
Mob. - 9418317777

ਜਿਵੇਂ ਜਿਵੇਂ ਨਮਰੂਦ ਦੀ ਚਿਖ਼ਾ ਵਾਙੂੰ,
ਭਾਂਬੜ ਲੋਹ ਹੇਠਾਂ ਬਲਦਾ ਅੱਗ ਦਾ ਏ ।
ਕੜ੍ਹ ਕੇ ਪੱਤ ਵਾਙੂੰ ਤਯੋਂ ਤਯੋਂ ਆਖਦੇ ਨੇ :-
ਮਿੱਠਾ ਭਾਣਾ ਪਯਾਰੇ ਦਾ ਲੱਗਦਾ ਏ ।
ਜਿਉਂ ਜਿਉਂ ਦੇਹ ਪਵਿੱਤਰ ਦਾ ਲਹੂ ਸੜਦਾ,
ਤਿਉਂ ਤਿਉਂ ਆਤਮਾ ਦਾ ਦੀਵਾ ਜੱਗਦਾ ਏ ।
ਲੱਖਾਂ ਜ਼ੁਲਮ ਸਰੀਰ ਤੇ ਪਏ ਹੋਵਨ,
ਹੰਝੂ ਇੱਕ ਨਾ ਅੱਖੀਓਂ ਵੱਗਦਾ ਏ ।
ਪਰਲੋ ਤੀਕ ਹੈ ਪੰਥ ਅਧੀਨ ਸਾਰਾ,
ਪੰਚਮ ਗੁਰੂ ਦੀਆਂ ਮੇਹਰਬਾਨੀਆਂ ਦਾ ।
ਦੁੱਖ ਝੱਲ ਕੇ ਆਪਣੀ ਜਾਨ ਉੱਤੇ,
ਰਾਹ ਦੱਸ ਗਏ ਜੇਹੜੇ ਕੁਰਬਾਨੀਆਂ ਦਾ ।

–ਬਾਬੂ ਫਿਰੋਜ਼ਦੀਨ ਸ਼ਰਫ਼

Date of Publication: 06 June 2026
Date of Posting: 08 June 2026

RNI NO.55658/93
LDM/008/2021-2023

ੴ
ਸ੍ਰੀ ਸਤਿਗੁਰ ਰਾਮ ਸਿੰਘ ਜੀ ਸਹਾਇ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

# ਜਪ ਪ੍ਰਯੋਗ ਅਤੇ ਮੇਲਾ ਅੱਸੂ 2026

ਆਰੰਭ: ਜਪ ਪ੍ਰਯੋਗ – **20 ਸਤੰਬਰ 2026**, *4 ਅੱਸੂ ਦਿਨ ਐਤਵਾਰ*,
ਭੋਗ: ਜਪ ਪ੍ਰਯੋਗ – **13 ਅਕਤੂਬਰ 2026** *ਦਿਨ ਮੰਗਲਵਾਰ*

ਮੇਲਾ ਅੱਸੂ – **14,15,16,17 ਅਤੇ 18 ਅਕਤੂਬਰ 2026**, *ਦਿਨ ਐਤਵਾਰ*
**ਅਨੰਦ ਕਾਰਜ: 18 ਅਕਤੂਬਰ, 2 ਕੱਤਕ**, *ਐਤਵਾਰ ਨੂੰ ਹੋਣਗੇ*
ਸਥਾਨ – **ਸ੍ਰੀ ਭੈਣੀ ਸਾਹਿਬ**, *ਲੁਧਿਆਣਾ (ਪੰਜਾਬ)*

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.